SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | **Vol 22* Issue 131** | **Friday, July 07, 2023** | **Tel: 905-793-2202 | Fax: 905-793-2282 | news@punjabipost.ca** | *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

## ਪੁਲਿਸ ਕਰੂਜ਼ਰ ਸਮੇਤ ਦੋ ਗੱਡੀਆਂ ਨੂੰ ਟੱਕਰ ਮਾਰਨ ਵਾਲਾ ਵਿਅਕਤੀ ਗ੍ਰਿਫਤਾਰ

ਟੋਰਾਂਟੋ, 6 ਜੁਲਾਈ (ਪੋਸਟ ਬਿਊਰੋ) : ਪੁਲਿਸ ਕਰੂਜ਼ਰ ਸਮੇਤ ਕਥਿਤ ਤੌਰ ਉੱਤੇ ਦੋ ਗੱਡੀਆਂ ਨੂੰ ਟੱਕਰ ਮਾਰਨ ਵਾਲੇ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਉਹ ਪੁਲਿਸ ਤੋਂ ਬਚ ਕੇ ਭੱਜਣ ਦੀ ਕੋਸ਼ਿਸ਼ ਕਰ ਰਿਹਾ ਸੀ।




ਯੌਰਕ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ ਇਹ ਸਾਰਾ ਘਟਨਾਕ੍ਰਮ ਉਸ ਸਮੇਂ ਸ਼ੁਰੂ ਹੋਇਆ ਜਦੋਂ ਪੁਲਿਸ ਅਧਿਕਾਰੀਆਂ ਵੱਲੋਂ ਬੁੱਧਵਾਰ ਰਾਤ ਨੂੰ 10:20 ਉੱਤੇ ਸਟੀਲਜ਼ ਐਵਨਿਊ ਦੇ ਦੱਖਣ ਵੱਲ ਜੇਨ ਸਟਰੀਟ ਤੇ ਹੱਲਮੋਰ ਡਰਾਈਵ ਇੰਟਰਸੈਕਸ਼ਨ ਲਾਗੇ ਖੜ੍ਹੇ ਇੱਕ ਸ਼ੱਕੀ ਵ੍ਹੀਕਲ ਦੀ ਜਾਂਚ ਸ਼ੁਰੂ ਕੀਤੀ ਗਈ। ਪੁਲਿਸ ਨੇ ਆਖਿਆ ਕਿ ਜੇਨ ਉੱਤੇ ਦੱਖਣ ਵੱਲ ਜਾਣ ਤੋਂ ਪਹਿਲਾਂ ਡਰਾਈਵਰ ਨੇ ਪੁਲਿਸ ਕਰੂਜ਼ਰ ਨੂੰ ਟੱਕਰ ਮਾਰ ਦਿੱਤੀ। ਫਿਰ ਡਰਾਈਵਰ ਨੇ ਇੱਕ ਦੂਜੀ ਗੱਡੀ ਨੂੰ ਟੱਕਰ ਮਾਰੀ ਤੇ ਪੈਦਲ ਹੀ ਫਰਾਰ ਹੋਣ ਦੀ ਕੋਸ਼ਿਸ਼ ਕਰਨ ਲੱਗਿਆ।

ਕੁੱਝ ਹੀ ਦੂਰੀ ਉੱਤੇ ਉਸ ਨੂੰ ਜਲਦ ਹੀ ਲੋਕੇਟ ਕਰਕੇ ਗ੍ਰਿਫਤਾਰ ਕਰ ਲਿਆ ਗਿਆ। ਇਸ ਘਟਨਾ ਵਿੱਚ ਕੋਈ ਵੀ ਪੁਲਿਸ ਅਧਿਕਾਰੀ ਜ਼ਖ਼ਮੀ ਨਹੀਂ ਹੋਇਆ ਪਰ ਜਿਸ ਦੂਜੀ ਗੱਡੀ ਨੂੰ ਇਸ ਮਸ਼ਕੂਕ ਵੱਲੋਂ ਟੱਕਰ ਮਾਰੀ ਗਈ ਉਸ ਵਿੱਚ ਸਵਾਰ ਵਿਅਕਤੀ ਨੂੰ ਸੱਟਾਂ ਜ਼ਰੂਰ ਲੱਗੀਆਂ। ਮਸ਼ਕੂਕ ਨੂੰ ਵੀ ਮਾਮੂਲੀ ਜ਼ਖ਼ਮੀ ਹਾਲਤ ਵਿੱਚ ਪਹਿਲਾਂ ਹਸਪਤਾਲ ਲਿਜਾਇਆ ਗਿਆ। ਟੋਰਾਂਟੋ ਦੇ ਇਸ 24 ਸਾਲਾ ਵਿਅਕਤੀ ਨੂੰ ਪੁਲਿਸ ਨੇ ਹਿਰਾਸਤ ਵਿੱਚ ਰੱਖਿਆ ਹੋਇਆ ਹੈ, ਪੁਲਿਸ ਅਧਿਕਾਰੀਆਂ ਨੂੰ ਘਟਨਾ ਵਾਲੀ ਥਾਂ ਤੋਂ ਹਥਿਆਰ ਵੀ ਬਰਾਮਦ ਹੋਇਆ। ਇਸ ਇਲਾਕੇ ਵਿੱਚ ਸੜਕਾਂ ਨੂੰ ਲੰਮਾਂ ਸਮਾਂ ਬੰਦ ਰੱਖਣ ਤੋਂ ਬਾਅਦ ਖੋਲ੍ਹ ਦਿੱਤਾ ਗਿਆ।

NOW HIRING !!!
ALLKIND INSURANCE
• Life Insurance
• Critical illness Ins
• Travel & Visitor Ins
• RESP & TFSA & RRSP
• Super Visa Insurance
• Mortgage Insurance
• Disability Insurance
• Funeral Insurance
SIMRAN SAINI
416.994.7272
www.allkindinsurance.com

## ਇਸ ਮਹੀਨੇ ਬੈਂਕ ਆਫ ਕੈਨੇਡਾ ਮੁੜ ਵਧਾ ਸਕਦਾ ਹੈ ਆਪਣੀਆਂ ਵਿਆਜ਼ ਦਰਾਂ

ਓਟਵਾ, 6 ਜੁਲਾਈ (ਪੋਸਟ ਬਿਊਰੋ) : ਅਰਥਸ਼ਾਸਤਰੀਆਂ ਦਾ ਮੰਨਣਾ ਹੈ ਕਿ ਅਗਲੇ ਹਫਤੇ ਕੈਨੇਡੀਅਨਜ਼ ਨੂੰ ਇੱਕ ਵਾਰੀ ਫਿਰ ਵਿਆਜ਼ ਦਰਾਂ ਵਿੱਚ ਕੀਤੇ ਜਾਣ ਵਾਲੇ ਵਾਧੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕਈ ਹੋਮਓਨਰਜ਼ ਪਹਿਲਾਂ ਹੀ ਵਿੱਤੀ ਤੌਰ ਉੱਤੇ ਖੁਦ ਨੂੰ ਕਮਜ਼ੋਰ ਮਹਿਸੂਸ ਕਰ ਰਹੇ ਹਨ ਤੇ ਅਜਿਹਾ ਹੋਣ ਨਾਲ ਮਾਰਗੇਜ ਦੀ ਅਦਾਇਗੀ ਤੱਕ ਉਨ੍ਹਾਂ ਲਈ ਮੁਸ਼ਕਲ ਹੋ ਜਾਵੇਗੀ।



ਰੌਇਲ ਬੈਂਕ ਆਫ ਕੈਨੇਡਾ ਦੇ ਅਸਿਸਟੈਂਟ ਚੀਫ ਇਕਨੌਮਿਸਟ ਰੌਬਰਟ ਹੋਗ ਨੇ ਆਖਿਆ ਕਿ 12 ਜੁਲਾਈ ਨੂੰ ਬੈਂਕ ਆਫ ਕੈਨੇਡਾ ਵੱਲੋਂ 25 ਬੇਸਿਸ ਅੰਕਾਂ ਦੇ ਵਾਧੇ ਦਾ ਐਲਾਨ ਕੀਤਾ ਜਾ ਸਕਦਾ ਹੈ। ਮਾਂਟਰੀਅਲ ਵਿੱਚ ਕੌਨਕੌਰਡੀਆ ਯੂਨੀਵਰਸਿਟੀ ਵਿੱਚ ਇਕਨੌਮਿਕਸ ਦੇ ਸੀਨੀਅਰ ਲੈਕਚਰਰ ਮੋਸ਼ੇ ਲੈਂਡਰ ਨੇ ਆਖਿਆ ਕਿ ਇਸ ਤਰ੍ਹਾਂ ਦਾ ਇੱਕ ਹੋਰ ਵਾਧਾ ਕਿਸੇ ਵੀ ਤਰ੍ਹਾਂ ਦੀ ਖਰੀਦਦਾਰੀ ਕਰਨ ਵਾਲਿਆਂ ਲਈ ਸਹੀ ਨਹੀਂ ਹੈ। ਉਨ੍ਹਾਂ ਮਿਸਾਲ ਦਿੰਦਿਆਂ ਆਖਿਆ ਕਿ ਹਾਊਸਿੰਗ ਮਾਰਕਿਟ ਤੋਂ ਲੈ ਕੇ ਸਟੂਡੈਂਟ ਲੋਨ ਤੱਕ ਵਰਗੇ ਕਿਸੇ ਵੀ ਨਿਜੀ ਕਰਜ਼ੇ ਲਈ ਇਹ ਸਮਾਂ ਠੀਕ ਨਹੀਂ।

ਉਨ੍ਹਾਂ ਆਖਿਆ ਕਿ ਵਿਆਜ਼ ਦਰਾਂ ਐਨੀਆਂ ਵਧ ਚੁੱਕੀਆਂ ਹਨ ਕਿ ਗੁਜ਼ਾਰਾ ਕਰਨਾ ਔਖਾ ਹੋ ਗਿਆ ਹੈ। ਇਨ੍ਹਾਂ ਵਿਆਜ਼ ਦਰਾਂ ਦੇ ਮੁਕਾਬਲੇ ਸਾਡੀ ਆਮਦਨ ਓਨੀ ਨਹੀਂ ਵੱਧ ਰਹੀ। ਜਿੰਨੀ ਆਮਦਨ ਹੈ ਉਹ ਲਏ ਗਏ ਕਰਜ਼ੇ ਦਾ ਵਿਆਜ਼ ਮੋੜਨ ਵਿੱਚ ਹੀ ਖਪ ਜਾਂਦੀ ਹੈ। ਜ਼ਿਕਰਯੋਗ ਹੈ ਕਿ ਇੱਕ ਸਾਲ ਤੋਂ ਵੀ ਘੱਟ ਸਮੇਂ ਵਿੱਚ ਬੈਂਕ ਵੱਲੋਂ ਅੱਠ ਵਾਰੀ ਆਪਣੀਆਂ ਵਿਆਜ਼ ਦਰਾਂ ਵਿੱਚ ਵਾਧਾ ਕੀਤਾ ਜਾ ਚੁੱਕਿਆ ਹੈ। 2023 ਵਿੱਚ ਇਹ ਤੀਜਾ ਵਾਧਾ ਹੋਵੇਗਾ।

## ਜਹਾਜ਼ ਵਿੱਚ ਇੱਕ ਵਿਅਕਤੀ ਦੀ ਜਾਨ ਬਚਾਉਣ ਵਾਲੇ ਦੋ ਵਿਅਕਤੀਆਂ ਦਾ ਸ਼ਫਕਤ ਅਲੀ ਵੱਲੋਂ ਕੀਤਾ ਗਿਆ ਸਨਮਾਨ

ਬਰੈਂਪਟਨ, 6 ਜੁਲਾਈ (ਪੋਸਟ ਬਿਊਰੋ) :ਬਰੈਂਪਟਨ ਸੈਂਟਰ ਤੋਂ ਐਮਪੀ ਸ਼ਫਕਤ ਅਲੀ ਵੱਲੋਂ ਲੋਕਲ ਕਮਿਊਨਿਟੀ ਤੇ ਮੀਡੀਆ ਦੀ ਹਾਜ਼ਰੀ ਵਿੱਚ ਦੋ ਅਜਿਹੇ ਵਿਅਕਤੀਆਂ ਨੂੰ ਸਨਮਾਨਿਤ ਕੀਤਾ ਗਿਆ ਜਿਨ੍ਹਾਂ ਨੇ ਪਾਕਿਸਤਾਨ ਤੋਂ ਟੋਰਾਂਟੋ ਆ ਰਹੀ ਉਡਾਨ ਦੌਰਾਨ ਇੱਕ ਕੈਨੇਡੀਅਨ ਦੀ ਜਾਨ ਬਚਾਈ ਸੀ।




ਡਾ. ਮੀਆਂ ਮੁਹੰਮਦ ਅਲੀ ਅਕਰਮ ਤੇ ਬਿਲਾਲ ਕੌਸ਼ਰ ਨੂੰ ਇਸ ਵਿਅਕਤੀ ਦੀ ਜਾਨ ਬਚਾਉਣ ਲਈ ਉਚੇਚੇ ਤੌਰ ਉੱਤੇ ਸਨਮਾਨਿਤ ਕੀਤਾ ਗਿਆ। ਇਸ ਸਾਲ ਦੇ ਸ਼ੁਰੂ ਵਿੱਚ ਇਸਲਾਮਾਬਾਦ, ਪਾਕਿ-ਸਤਾਨ ਤੋਂ ਟੋਰਾਂਟੋ ਆ ਰਹੀ ਉਡਾਨ ਵਿੱਚ ਜਹਾਜ਼ ਦੇ ਟੇਕਆਫ ਕਰਨ ਤੋਂ ਕੁੱਝ ਘੰਟੇ ਬਾਅਦ ਹੀ ਇੱਕ ਵਿਅਕਤੀ ਨੂੰ ਦਿਲ ਦਾ ਦੌਰਾ ਪੈ ਗਿਆ। ਇਹ ਅੰਦਾਜ਼ਨ 13 ਘੰਟੇ ਲੰਮੀਂ ਉਡਾਨ ਸੀ। ਜਹਾਜ਼ ਦੇ ਸਟਾਫ ਵੱਲੋਂ ਉਸ ਵਿਅਕਤੀ ਦੀ ਹਰ ਸੰਭਵ ਮਦਦ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਉਹ ਬੇਸੁੱਧ ਹੋ ਗਿਆ। ਇਸ ਮਗਰੋਂ ਸਟਾਫ ਨੇ ਜਹਾਜ਼ ਵਿੱਚ ਸਵਾਰ ਪੈਸੈਂਜਰਜ਼ ਤੋਂ ਮਦਦ ਮੰਗੀ। ਜਿਵੇਂ ਹੀ ਮਦਦ ਲਈ ਐਲਾਨ ਕੀਤਾ ਗਿਆ ਉਦੋਂ ਹੀ ਡਾ. ਅਕਰਮ ਤੇ ਕੌਸ਼ਰ ਮਦਦ ਲਈ ਸਾਹਮਣੇ ਆਏ ਤੇ ਉਨ੍ਹਾਂ ਜੱਦੋ ਜਹਿਦ ਕਰਕੇ ਤੇ ਮੁੱਢਲੀ ਸਹਾਇਤਾ ਨਾਲ ਉਸ ਵਿਅਕਤੀ ਦੀ ਜਾਨ ਬਚਾਅ ਲਈ। ਡਾ. ਅਕਰਮ ਤੇ ਕੌਸ਼ਰ ਨੇ ਜਹਾਜ਼ ਵਿੱਚ ਮੌਜੂਦ ਥੋੜ੍ਹੇ ਬਹੁਤ ਮੈਡੀਕਲ ਇਕਿਉਪਮੈਂਟ ਨਾਲ ਹੀ ਉਸ ਵਿਅਕਤੀ ਦੀ ਜਾਨ ਬਚਾਉਣ ਲਈ ਟੀਮ ਵਰਕ ਕੀਤਾ।

ਜਹਾਜ਼ ਉੱਤੇ ਮੌਜੂਦ ਏਈਡੀ (ਆਟੋ-ਮੇਟਿਡ ਐਕਸਟਰਨਲ ਡੈਫੀਬ੍ਰਿਲੇਟਰ) ਨੂੰ ਚਾਰਜ ਉੱਤੇ ਲਾਉਣ ਤੋਂ ਬਾਅਦ ਉਨ੍ਹਾਂ ਉਸ ਸ਼ਖਸ ਦੀ ਦਿਲ ਦੀ ਧੜਕਨ ਉੱਤੇ ਨਜ਼ਰ ਰੱਖਣ ਲਈ ਇੱਕ ਹੋਰ ਵਿਅਕਤੀ ਦੀ ਸਮਾਰਟ ਵਾਚ ਦਾ ਸਹਾਰਾ ਲਿਆ। ਡਾ. ਅਕਰਮ ਕੋਲ ਉਨ੍ਹਾਂ ਦੇ ਕੁੱਝ ਇਕਿਉਪਮੈਂਟ ਵੀ ਸਨ, ਜਿਨ੍ਹਾਂ ਦੀ ਮਦਦ ਨਾਲ ਉਨ੍ਹਾਂ ਉਸ ਵਿਅਕਤੀ ਦੀ ਐਕੋ ਕੀਤੀ। ਐਕੋ ਅਜਿਹਾ ਟੈਸਟ ਹੈ ਜਿਹੜਾ ਕਿਸੇ ਵਿਅਕਤੀ ਦੇ ਦਿਲ ਦੀ ਤਸਵੀਰ ਬਣਾਉਣ ਲਈ ਹਾਈ ਫਰੀਕੁਐਂਸੀ ਸਾਊਂਡ ਵੇਵਜ਼ ਦੀ ਮਦਦ ਲੈਂਦਾ ਹੈ। ਇਨ੍ਹਾਂ ਦੋਵਾਂ ਵਿਅਕਤੀਆਂ ਦੀ ਮਦਦ ਨਾਲ ਉਸ ਸ਼ਖਸ ਨੂੰ ਹੋਸ਼ ਆ ਗਿਆ ਤੇ ਇਨ੍ਹਾਂ ਵੱਲੋਂ ਟੋਰਾਂਟੋ ਪੀਅਰਸਨ ਏਅਰਪੋਰਟ ਉੱਤੇ ਫਲਾਈਟ ਲੈਂਡ ਕਰਨ ਤੱਕ ਉਸ ਦੀ ਹਾਲਤ ਉੱਤੇ ਨਜ਼ਰ ਰੱਖੀ ਗਈ। ਜਹਾਜ਼ ਲੈਂਡ ਕਰਨ ਤੋਂ ਬਾਅਦ ਉਸ ਨੂੰ ਨੇੜਲੇ ਮੈਡੀਕਲ ਸੈਂਟਰ ਪਹੁੰਚਾਇਆ ਗਿਆ ਜਿੱਥੇ ਉਸ ਦੀ ਹਾਲਤ ਸਥਿਰ ਦੱਸੀ ਗਈ।

INSURANCE
Home
Business
Life Insurance
Auto
Trucking
Commercial
647-206-2452
Sukhwinder K Singh
CONNEX
7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6
Brampton, ON, L6P 3W4
Open Saturday
Providing excellent quality legal services to our clients

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL
416 938 4598

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

OURR HOME & APPLIANCES
CANADA DAY SPECIAL
REGULAR DEAL $2,899
CANADA DAY SPECIAL
BLACK STAINLESS-STEEL PACKAGE $3,849
CANADA DAY SPECIAL
WASHER DRYER $1,699
LOCATIONS
ETOBICOKE 44 Fasken Dr, #2-9 Etobicoke, On M9W 5M8 (416) 792-0877
BRAMPTON Unit #1, 241 Clarence St Brampton, On L6W 3E7 (416) 551-3343
VAUGHAN 5781 Highway 7 Unit 10 Vaughan, ON L4L 1T8 (416) 477-5556
OAKVILLE 1050 Speers Road Oakville, ON L6L 2X4 (416) 613-0555
LONDON Unit #4 -1540 Fanshawe Park Road West London, On N6H 5L8 (519) 641-1010
STONEY CREEK Unit #6 – 410 Lewis Road Stoney Creek, On L8E 5Y7 (905) 643-0818
416-551-5553
WWW.OURRHOMEAPPLIANCES.COM
~OURR HOME IN EVERY HOME~

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Allstate. You're in good hands.
Insurance
Shawn Budwal
Allstate Sales Agent
Waterdown Agency
94 Dundas Street East, Unit 3
289-678-4024
sbudwal@allstate.ca
Trademark used under licence by Allstate Insurance Company. 232374 | 6-23

SUPER VISA INSURANCE EXPERTS
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
Ph: 416.724.5000
7003 Steeles Ave. W, Unit 10, Etobicoke, ON, M9W 0A2
gill@punjabinsurance.ca
topinsuranceservices.ca

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axcel InsuranceBrokers Ltd.
1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

MANN LAW FIRM
• Real Estate Law
• Wills & Estates
• Power of Attorney
• Affidavits Notarization / Declaration
• Business Law
• Family Law
• Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਟੀਟੀਸੀ ਸਬਵੇਅ ਟਰੇਨ ਉੱਤੇ ਛੁਰੇਬਾਜ਼ੀ ਵਿੱਚ ਇੱਕ ਜ਼ਖ਼ਮੀ



ਓਨਟਾਰੀਓ, 6 ਜੁਲਾਈ (ਪੋਸਟ ਬਿਊਰੋ) : ਵੀਰਵਾਰ ਨੂੰ ਐਗਲਿੰਟਨ ਸਟੇਸ਼ਨ ਨੇੜੇ ਸਬਵੇਅ ਟਰੇਨ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਦੀ ਵੀਡੀਓ ਸਾਹਮਣੇ ਆਈ ਹੈ।

ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਦੁਪਹਿਰੇ 12:20 ਤੋਂ ਬਾਅਦ ਲਾਈਨ 1 ਸਬਵੇਅ ਸਟੇਸ਼ਨ ਉੱਤੇ ਛੁਰੇਬਾਜ਼ੀ ਦੀ ਘਟਨਾ ਸਬੰਧੀ ਜਾਣਕਾਰੀ ਦੇਣ ਲਈ ਕਾਲ ਮਿਲੀ। ਜਦੋਂ ਅਧਿਕਾਰੀ ਐਗਲਿੰਟਨ ਸਟੇਸ਼ਨ ਉੱਤੇ ਪਹੁੰਚੇ ਤਾਂ ਉਨ੍ਹਾਂ ਇੱਕ ਵਿਅਕਤੀ ਨੂੰ ਜ਼ਖ਼ਮੀ ਹਾਲਤ ਵਿੱਚ ਪਾਇਆ। ਉਸ ਨੂੰ ਫੌਰਨ ਟਰੌਮਾ ਸੈਂਟਰ ਲਿਜਾਇਆ ਗਿਆ। ਉਸ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਸੀ ਪਰ ਬਾਅਦ ਵਿੱਚ ਉਸ ਦੀ ਹਾਲਤ ਸਥਿਰ ਹੋਣ ਦਾ ਪਤਾ ਲੱਗਿਆ।

ਵੀਡੀਓ ਵਿੱਚ ਇੱਕ ਵਿਅਕਤੀ ਚਾਕੂ ਲੈ ਕੇ ਦੂਜੇ ਦੇ ਪਿੱਛੇ ਜਾਂਦਾ ਨਜ਼ਰ ਆ ਰਿਹਾ ਹੈ ਤੇ ਬਾਕੀ ਸਬਵੇਅ ਰਾਈਡਰਜ਼ ਉਸ ਤੋਂ ਪਾਸੇ ਹੋਣ ਲਈ ਇੱਧਰ ਉੱਧਰ ਭੱਜ ਰਹੇ ਹਨ। ਇੱਕ ਵਿਅਕਤੀ ਇਹ ਆਖ ਰਿਹਾ ਹੈ "ਉਹ ਉਸ ਨੂੰ ਮਾਰ ਰਿਹਾ ਹੈ, ਉਹ ਉਸ ਨੂੰ ਚਾਕੂ ਮਾਰ ਰਿਹਾ ਹੈ।" ਦੂਜਾ ਵਿਅਕਤੀ ਆਖ ਰਿਹਾ ਹੈ "ਹਾਏ ਰੱਬਾ, ਮੈਂ ਗੱਡੀ ਤੋਂ ਵੀ ਨਹੀਂ ਉਤਰ ਸਕਦਾ।"

ਪੁਲਿਸ ਨੇ ਆਖਿਆ ਕਿ ਉਨ੍ਹਾਂ ਨੂੰ ਇਸ ਵੀਡੀਓ ਦਾ ਪਤਾ ਹੈ ਤੇ ਉਹ ਜਾਂਚਕਾਰਾਂ ਨੂੰ ਇਹ ਵੀਡੀਓ ਮੁਹੱਈਆ ਕਰਵਾਉਣਗੇ। ਮਸ਼ਕੂਕ ਅਜੇ ਵੀ ਪੁਲਿਸ ਦੀ ਗ੍ਰਿਫਤ ਵਿੱਚ ਨਹੀਂ ਆਇਆ। ਪੁਲਿਸ ਵੱਲੋਂ ਜਾਰੀ ਕੀਤੇ ਵੇਰਵੇ ਅਨੁਸਾਰ ਉਹ ਬਲੈਕ ਵਿਅਕਤੀ ਹੈ ਜਿਸ ਦਾ ਕੱਦ 5 ਫੁੱਟ 11 ਇੰਚ ਹੈ, ਉਹ ਗੰਜਾ ਹੈ ਤੇ ਉਸ ਨੇ ਹਰੇ ਰੰਗ ਦੀ ਹੁਡੀ, ਕਾਲੀ ਪੈਂਟ ਤੇ ਕਾਲੇ ਤੇ ਸੁਨਹਿਰੇ ਰੰਗ ਦੀਆਂ ਐਨਕਾਂ ਲਾਈਆਂ ਹੋਈਆਂ ਹਨ।

# ਲੈਕ ਮਿਗੈਨਟਿਕ ਦੇ ਲੋਕਾਂ ਨੇ ਰੇਲ ਹਾਦਸੇ ਦੀ 10ਵੀਂ ਵਰ੍ਹੇਗੰਢ 'ਤੇ ਜਾਨ ਗਵਾਉਣ ਵਲਿਆਂ ਨੂੰ ਕੀਤਾ ਯਾਦ







ਕਿਊਬੈਕ ਦੇ ਲੈਕ ਮਿਗੈਨਟਿਕ ਦੇ ਲੋਕਾਂ ਨੇ ਰੇਲ ਹਾਦਸੇ ਦੀ 10ਵੀਂ ਵਰ੍ਹੇਗੰਢ ਮੌਕੇ ਹਾਦਸੇ ਵਿਚ ਜਾਨ ਗਵਾਉਣ ਵਾਲੇ ਲੋਕਾਂ ਨੂੰ ਯਾਦ ਕੀਤਾ। ਇਸ ਹਾਦਸੇ ਵਿਚ ਇਕ ਬੇਕਾਬੂ ਟਰੇਨ ਕਸਬੇ ਵਿਚ ਹਾਦਸਾਗ੍ਰਸਤ ਹੋ ਗਈ ਸੀ ਅਤੇ ਉਸ ਵਿਚ ਧਮਾਕਾ ਹੋ ਗਿਆ ਸੀ। ਇਸ ਦੌਰਾਨ 47 ਲੋਕ ਮਾਰੇ ਗਏ ਸਨ। ਸੇਂਟ ਏਗਨਸ ਚਰਚ ਦੀ ਘੰਟੀ ਵੱਜਣ ਤੋਂ ਬਾਅਦ ਇਸ ਸਮਾਗਮ ਨੂੰ ਕਿਊਬੈਕ ਦੇ ਪ੍ਰੀਮੀਅਰ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਅਟੈਂਡ ਕੀਤਾ ਅਤੇ ਹਾਦਸੇ ਵਿਚ ਮਾਰੇ ਗਏ ਲੋਕਾਂ ਨੂੰ ਫੁੱਲ ਭੇਂਟ ਕੀਤੇ। ਇਹ ਸਮਾਗਮ ਸਵੇਰੇ 1:14 ਵਜੇ ਸ਼ੁਰੂ ਹੋਇਆ ਅਤੇ ਸਮਾਗਮ ਦੀ ਸ਼ੁਰੂਆਤ ਵਿਚ ਸਾਈਲੈਂਟ ਮਾਰਚ ਕੱਢਿਆ ਗਿਆ। ਇਸ ਦੌਰਾਨ ਲੋਕਾਂ ਨੇ ਸਟਾਰ ਦੇ ਆਕਾਰ ਦੀਆਂ ਐਲਈਡੀ ਜਗਾਈਆਂ ਅਤੇ ਮ੍ਰਿਤਕਾਂ ਨੂੰ ਯਾਦ ਕੀਤਾ।

## ਅੱਜ ਨਾਮਾ

ਅਕਾਲੀ-ਭਾਜਪਾ ਦੀ ਚੱਲਦੀ ਬਾਤ ਬੇਸ਼ੱਕ,
ਕਦੀ ਹਾਂ ਕਰਦੇ ਤਾਂ ਕਦੀ ਇਨਕਾਰ ਬੇਲੀ।
ਹਾਲਤ ਕਮਜ਼ੋਰ ਕੁਝਵੱਧ ਅਕਾਲੀਆਂ ਦੀ,
ਭਾਜਪਾ ਕਰਦੀ ਪਈ ਬਹੁਤ ਖੁਆਰ ਬੇਲੀ।
ਮਿਲ ਗਿਆ ਜਾਖੜ ਪ੍ਰਧਾਨ ਆ ਭਾਜਪਾ ਨੂੰ,
ਬਣਨ ਲਈ ਬੁਰਾ ਨਾਕਦੀ ਤਿਆਰ ਬੇਲੀ।
ਚੁੱਕਦੀਆਂ ਸੋਚ ਕੇ ਕਦਮ ਆ ਧਿਰਾਂ ਦੋਵੇਂ,
ਚੁੱਕਣਾ ਈ ਲੱਤਾਂ ਨੇ ਜਿੰਨਾ ਕੁ ਭਾਰ ਬੇਲੀ।
ਚੱਲਦੀ ਬਾਤ ਦਾ ਕਰਨ ਇਨਕਾਰ ਬੇਸ਼ੱਕ,
ਅਟਕਦੀ ਸੀਟਾਂ ਲਈ ਜਾਪਦੀ ਗੱਲ ਬੇਲੀ।
ਜਦੋਂ ਵੀ ਸੀਟਾਂ ਦਾ ਹੋ ਗਿਆ ਤੈਅ ਨੰਬਰ,
ਖੜਕਦੇ ਸੁਣਨਗੇ ਓਦੋਂ ਫਿਰ ਟੱਲ ਬੇਲੀ।

**ਤੀਸ ਮਾਰ ਖਾਂ**

# ਕਿਊਬੈਕ ਵਿੱਚ ਬਿਜਲੀ ਦੀ ਵਰਤੋਂ ਗਰਮੀ ਦੇ ਸਭ ਤੋਂ ਉੱਚੇ ਪੱਧਰ 'ਤੇ



ਹਾਈਡਰੋ-ਕਿਊਬਿਕ ਅਨੁਸਾਰ ਕਿਊਬੈਕ ਵਿੱਚ ਬਿਜਲੀ ਦੀ ਵਰਤੋਂ ਗਰਮੀਆਂ ਦੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਈ ਹੈ, ਕਿਉਂਕਿ ਘਰਾਂ ਅਤੇ ਇਮਾਰਤਾਂ ਵਿਚ ਗਰਮੀ ਅਤੇ ਨਮੀ ਤੋਂ ਰਾਹਤ ਪਾਉਣ ਲਈ ਏ.ਸੀ. ਦੀ ਜਿਆਦਾ ਵਰਤੋਂ ਕੀਤੀ ਜਾਂਦੀ ਹੈ।

ਹਾਈਡਰੋ-ਕਿਊਬੇਕ ਦੇ ਬੁਲਾਰੇ ਪਿਏਰੇ-ਅਲੈਗਜ਼ੈਂਡਰ ਬੁਈਸਨ ਨੇ ਕਿਹਾ ਕਿ ਯੁਟੀਲਿਟੀਸ ਪ੍ਰੋਜੈਕਸ਼ਨ ਅਨੁਸਾਰ ਆਉਣ ਵਾਲੇ ਬੁੱਧਵਾਰ ਅਤੇ ਵੀਰਵਾਰ ਨੂੰ ਸ਼ਾਮ 6 ਵਜੇ ਤੱਕ ਸੂਬੇ ਦੀ ਕੁੱਲ ਬਿਜਲੀ ਦੀ ਵਰਤੋਂ 22000 ਮੈਗਾਵਾਟ ਤੱਕ ਪਹੁੰਚ ਜਾਵੇਗੀ। ਜਿਸ ਦਾ ਵੱਡਾ ਕਾਰਣ ਏਅਰ ਕੰਡੀਸ਼ਨਰ, ਪੱਖੇ ਆਦਿ ਦੀ ਜਿਆਦਾ ਵਰਤੋਂ ਹੈ।

ਇਕ ਤੁਲਨਾ ਮੁਤਾਬਿਕ ਕਿਊਬਿਕ ਵਿਚ ਪਿਛਲੇ ਸਾਲ 29 ਅਗਸਤ ਨੂੰ ਬਿਜਲੀ ਦੀ ਵਰਤੋਂ ਸਿਖਰ 'ਤੇ ਪਹੁੰਚ ਗਈ ਸੀ, ਜਦੋਂ ਸੂਬੇ ਨੇ 22440 ਮੈਗਾਵਾਟ ਬਿਜਲੀ ਦੀ ਵਰਤੋਂ ਕੀਤੀ ਸੀ। ਬੁਈਸਨ ਨੇ ਕਿਹਾ ਕਿ "ਸਾਡੇ ਕੋਲ ਲੋਕਾਂ ਦੀ ਸਪਲਾਈ ਲਈ ਲੋੜੀਂਦੀ ਬਿਜਲੀ ਹੈ। ਉਨ੍ਹਾ ਕਿਹਾ ਕਿ ਇਸ ਸਾਲ 3 ਫਰਵਰੀ ਨੂੰ ਸਾਡੇ ਕੋਲ 42500 ਮੈਗਾਵਾਟ ਬਿਜਲੀ ਮੌਜੂਦ ਸੀ, ਜੋ ਕਿ ਇਕ ਰਿਕਾਰਡ ਹੈ।






















# ਬਜ਼ੁਰਗ ਨੇ ਸਕਾਈ ਡਾਈਵਿੰਗ ਕਰਕੇ ਮਨਾਇਆ 99ਵਾਂ ਜਨਮਦਿਨ



ਇਕ ਬਜ਼ੁਰਗ ਲੂਸੀ ਕੋਇਨਿਗ ਨੇ ਆਪਣਾ 99ਵਾਂ ਜਨਮਦਿਨ ਯਾਦਗਾਰ ਬਣਾਉਣ ਲਈ ਸਕਾਈ ਡਾਈਵਿੰਗ ਕਰਕੇ ਮਨਾਇਆ। ਇਸ ਕੰਮ ਲਈ ਉਹ ਆਪਣੇ ਪੜਪੋਤੇ ਨਾਲ ਗਈ ਸੀ। ਉਨ੍ਹਾਂ ਦੇ ਪੜਪੋਤੇ ਨਿਕੋਲਸ ਟੇਟ ਨੇ ਕਿਹਾ ਕਿ ਉਨ੍ਹਾਂ ਨਾਲ ਸਕਾਈ ਡਾਈਵਿੰਗ ਕਰਨਾ ਮਾਣ ਵਾਲੀ ਗੱਲ ਹੈ। ਜੰਪ ਕਰਨ ਵੇਲੇ ਪੜਦਾਦੀ ਬਿਲਕੁਲ ਵੀ ਨਹੀਂ ਡਰੀ। ਉਹ ਬਹੁਤ ਬਹਾਦਰ ਹਨ। ਦੱਸਣਯੋਗ ਹੈ ਕਿ ਪੜਦਾਦੀ ਪਹਿਲਾਂ ਜ਼ਿਪਲਾਈਨਿੰਗ ਅਤੇ ਹਾਥੀ ਦੀ ਸਵਾਰੀ ਕਰ ਚੁੱਕੇ ਹਨ। ਸਕਾਈ ਡਾਈਵਿੰਗ ਉਨ੍ਹਾਂ ਨੇ ਪਹਿਲੀ ਵਾਰ ਕੀਤੀ ਹੈ। ਬਜ਼ੁਰਗ ਨੇ ਕਿਹਾ ਕਿ ਇਸ ਜੰਪ ਨੇ ਉਨ੍ਹਾਂ ਨੂੰ ਰਿਸਕ ਲੈਣ ਵਾਲਾ ਇਨਸਾਨ ਬਣਾ ਦਿੱਤਾ ਹੈ। ਵੈਨਕੂਵਰ ਵਿਚ ਟ੍ਰੇਨਿੰਗ ਲੈਣ ਤੋਂ ਬਾਅਦ ਪੜਦਾਦੀ ਅਤੇ ਪੜਪੋਤੇ ਨੇ 10 ਹਜਾਰ ਫੁੱਟ ਦੀ ਉਚਾਈ ਤੋਂ ਜੰਪ ਕੀਤਾ ਅਤੇ ਸਹੀ ਸਲਾਮਤ ਲੈਂਡ ਕੀਤਾ।

# ਦੱਖਣੀ ਮੈਕਸੀਕੋ ਵਿਚ ਬੱਸ 75 ਫੁੱਟ ਡੂੰਘੀ ਖੱਡ ਵਿਚ ਡਿੱਗੀ, 27 ਲੋਕਾਂ ਦੀ ਮੌਤ



ਓਕਸਾਕਾ, 6 ਜੁਲਾਈ (ਪੋਸਟ ਬਿਊਰੋ): ਦੱਖਣੀ ਮੈਕਸੀਕੋ ਵਿੱਚ ਇੱਕ ਵੱਡਾ ਬੱਸ ਹਾਦਸਾ ਵਾਪਰਿਆ ਹੈ। ਦੱਸਿਆ ਜਾ ਰਿਹਾ ਹੈ ਕਿ ਦੱਖਣੀ ਮੈਕਸੀਕੋ 'ਚ ਯਾਤਰੀ ਬੱਸ ਸੜਕ ਤੋਂ ਤਿਲਕ ਕੇ 75 ਫੁੱਟ ਡੂੰਘੀ ਖੱਡ ਵਿਚ ਜਾ ਡਿੱਗੀ। ਇਸ ਦੌਰਾਨ ਘੱਟੋ-ਘੱਟ 27 ਯਾਤਰੀਆਂ ਦੀ ਮੌਤ ਹੋ ਗਈ। 20 ਤੋਂ ਵੱਧ ਲੋਕ ਜ਼ਖਮੀ ਦੱਸੇ ਜਾ ਰਹੇ ਹਨ। ਜ਼ਖਮੀਆਂ ਨੂੰ ਨੇੜੇ ਦੇ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਬੱਸ ਡੂੰਘੀ ਖੱਡ ਵਿੱਚ ਡਿੱਗਣ ਕਾਰਨ ਸੁਰੱਖਿਆ ਅਤੇ ਰਾਹਤ ਟੀਮਾਂ ਨੂੰ ਬਚਾਅ ਕਾਰਜ ਚਲਾਉਣ ਵਿੱਚ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਇਸ ਕਾਰਨ ਪੀੜਤਾਂ ਤੱਕ ਪਹੁੰਚਣ ਅਤੇ ਉਨ੍ਹਾਂ ਨੂੰ ਬਚਾਉਣ ਵਿੱਚ ਕਈ ਘੰਟੇ ਲੱਗ ਗਏ। ਇਸ ਹਾਦਸੇ ਕਾਰਨ ਹਰ ਕੋਈ ਦਹਿਸ਼ਤ ਵਿੱਚ ਹੈ। ਹਾਦਸਾ ਇੰਨਾ ਜ਼ਬਰਦ-ਸਤ ਸੀ ਕਿ ਬੱਸ ਚਕਨਾਚੂਰ ਹੋ ਗਈ। ਸਥਾਨਕ ਲੋਕਾਂ ਨੇ ਵੀ ਯਾਤਰੀਆਂ ਦੀ ਕਾਫੀ ਮੱਦਦ ਕੀਤੀ।

ਇਹ ਜਾਣਕਾਰੀ ਦਿੰਦੇ ਹੋਏ ਇਕ ਅਧਿਕਾਰੀ ਨੇ ਦੱਸਿਆ ਕਿ ਇਹ ਘਟਨਾ ਬੁੱਧਵਾਰ ਨੂੰ ਦੱਖਣੀ ਸੂਬੇ ਓਕਸਾਕਾ ਦੇ ਮਿਕਸਟੇਕਾ 'ਚ ਵਾਪਰੀ। ਗ੍ਰਹਿ ਮੰਤਰੀ ਜੀਸਸ ਰੋਮੇਰੋ ਨੇ ਦੱਸਿਆ ਕਿ ਹਾਦਸੇ ਵਿੱਚ ਡੇਢ ਸਾਲ ਦੇ ਬੱਚੇ ਸਮੇਤ 27 ਲੋਕਾਂ ਦੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਇਸ ਹਾਦਸੇ 'ਚ ਕਰੀਬ 20 ਹੋਰ ਲੋਕ ਜ਼ਖਮੀ ਹੋ ਗਏ, ਜਿਨ੍ਹਾਂ 'ਚੋਂ ਕੁਝ ਦੀ ਹਾਲਤ ਗੰਭੀਰ ਹੈ। ਇਸ ਤੋਂ ਸਪੱਸ਼ਟ ਹੈ ਕਿ ਮਰਨ ਵਾਲਿਆਂ ਦੀ ਗਿਣਤੀ ਅਜੇ ਵਧ ਸਕਦੀ ਹੈ। ਕਈ ਲੋਕਾਂ ਦੀ ਹਾਲਤ ਬਹੁਤ ਨਾਜ਼ੁਕ ਬਣੀ ਹੋਈ ਹੈ। ਬੱਸ ਗੇਂਦ ਵਾਂਗ ਟੋਏ ਵਿੱਚ ਜਾ ਡਿੱਗੀ। ਜਦੋਂ ਤੱਕ ਸਵਾਰੀਆਂ ਨੂੰ ਕੁਝ ਸਮਝ ਆਉਂਦਾ, ਉਦੋਂ ਤੱਕ ਉਹ ਹਾਦਸੇ ਦਾ ਸ਼ਿਕਾਰ ਹੋ ਚੁੱਕੇ ਸਨ। ਰੋਮੇਰੋ ਨੇ ਕਿਹਾ ਕਿ ਸ਼ੱਕ ਹੈ ਕਿ ਡਰਾਈਵਰ ਨੇ ਬੱਸ ਦਾ ਕੰਟਰੋਲ ਗੁਆ ਦਿੱਤਾ, ਜਿਸ ਕਾਰਨ ਗੱਡੀ ਖੱਡ ਵਿੱਚ ਡਿੱਗ ਗਈ। ਰੋਮੇਰਾ ਨੇ ਇੱਕ ਸਥਾਨਕ ਟੈਲੀਵਿਜ਼ਨ ਨੂੰ ਦੱਸਿਆ, "ਅਜਿਹਾ ਪ੍ਰਤੀਤ ਹੁੰਦਾ ਹੈ ਕਿ ਇਹ ਹਾਦਸਾ ਡਰਾਈਵਰ ਦੀ ਸਿਖਲਾਈ ਦੀ ਕਮੀ ਅਤੇ ਥਕਾਵਟ ਕਾਰਨ ਵਾਪਰਿਆ ਹੈ।"

ਜ਼ਖਮੀਆਂ ਨੂੰ ਹਸਪਤਾਲ ਪਹੁੰਚਾਉਣ ਅਤੇ ਬਚਾਅ ਕਾਰਜ ਖਤਮ ਹੋਣ ਤੋਂ ਬਾਅਦ ਪੁਲਸ ਨੇ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਇਸ ਗੱਲ ਦਾ ਪਤਾ ਲਗਾਵੇਗੀ ਕਿ ਹਾਦਸਾ ਅਸਲ ਵਿੱਚ ਕਿਸ ਕਾਰਨ ਹੋਇਆ। ਕਿਉਂਕਿ ਖਦਸ਼ਾ ਜਤਾਇਆ ਜਾ ਰਿਹਾ ਹੈ ਕਿ ਡਰਾਈਵਰ ਬੱਸ ਤੋਂ ਕੰਟਰੋਲ ਗੁਆ ਬੈਠਾ, ਇਸ ਲਈ ਇਹ ਬੇਕਾਬੂ ਹੋ ਕੇ ਖੱਡ 'ਚ ਜਾ ਡਿੱਗੀ। ਬੱਸ ਡਰਾਈਵਰ ਦੀ ਨੀਂਦ ਵੀ ਹਾਦਸੇ ਦਾ ਕਾਰਨ ਬਣ ਸਕਦੀ ਹੈ। ਪੁਲਸ ਸਾਰੇ ਪਹਿਲੂਆਂ ਨੂੰ ਧਿਆਨ 'ਚ ਰੱਖ ਕੇ ਜਾਂਚ ਕਰ ਰਹੀ ਹੈ। ਬੱਸ ਹਾਦਸੇ ਵਿੱਚ ਜ਼ਖਮੀਆਂ ਤੋਂ ਵੀ ਪੁੱਛਗਿੱਛ ਕੀਤੀ ਜਾਵੇਗੀ। ਬੱਸ ਦੀ ਰਫ਼ਤਾਰ ਬਹੁਤ ਤੇਜ਼ ਸੀ ਜਾਂ ਨਹੀਂ, ਇਸ ਦਾ ਵੀ ਪਤਾ ਲਾਇਆ ਜਾਵੇਗਾ।

# ਪੁਰਾਣੀ ਕਾਰ ਖਰੀਦ ਕੇ ਫਸੀ ਔਰਤ, ਪੁਰਾਣੇ ਮਾਲਕ ਨੇ ਨਹੀਂ ਅਦਾ ਕੀਤਾ ਜੁਰਮਾਨਾ



ਮਾਂਟਰੀਅਲ ਦੀ ਇਕ ਔਰਤ ਯੇਨੇਨੇ ਕੈਰੇ ਨੂੰ ਪੁਰਾਣੀ ਕਾਰ ਲੈਣ ਨਾਲ ਉਦੋਂ ਮਸੀਬਤ ਖੜ੍ਹੀ ਹੋ ਗਈ, ਜਦੋਂ ਕਾਰ ਖਰੀਦਣ ਤੋਂ ਬਾਅਦ ਉਸ ਨੂੰ ਪਤਾ ਲੱਗਾ ਕਿ ਕਾਰ ਦੇ ਪੁਰਾਣੇ ਮਾਲਕ ਕੇ ਕਾਰ ਦੇ ਜੁਰਮਾਨੇ ਅਦਾ ਨਹੀਂ ਕੀਤੇ। ਉਨ੍ਹਾਂ ਨੇ ਸਲੇਟੀ ਰੰਗ ਦੀ ਹੌਂਡਾ ਸਿਵਿਕ 2010 ਮਾਡਲ ਕਾਰ 4500 ਡਾਲਰ ਵਿਚ ਖਰੀਦੀ ਸੀ। ਜਿਸ ਨੂੰ ਕਿ ਕਿਊਬੈਕ ਦੇ ਆਟੋਮੋਬਾਇਲ ਇੰਸ਼ੋਰੈਂਸ ਬੋਰਡ ਸਾਕ () ਨੇ ਇਹ ਕਹਿ ਕੇ ਬਲਾਕ ਕਰ ਦਿੱਤਾ ਕਿ ਉਨ੍ਹਾਂ ਦੀ ਗੱਡੀ ਦੇ ਪੁਰਾਣੇ ਮਾਲਕ ਨੇ ਟ੍ਰੈਫਿਕ ਜੁਰਮਾਨੇ ਅਦਾ ਨਹੀਂ ਕੀਤੇ, ਜੋ ਕਿ ਭਾਰੀ ਗਿਣਤੀ ਵਿਚ ਹਨ। ਇਸ ਲਈ ਇਸ ਕਾਰ ਨੂੰ ਸੜਕ ਉਤੇ ਚੱਲਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਔਰਤ ਨੇ ਡੀਲਰਸ਼ਿਪ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਇਹ ਕਾਰ ਉਨ੍ਹਾਂ ਦੇ ਵਰਕਰ ਵਲੋਂ ਪ੍ਰਾਈਵੇਟ ਤਰੀਕੇ ਨਾਲ ਔਰਤ ਨੂੰ ਵੇਚੀ ਗਈ ਹੈ। ਇਸ ਲਈ ਉਨ੍ਹਾਂ ਨੂੰ ਇਸ ਕਾਰ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ।

# ਹੈਤੀ ਬਣ ਰਿਹਾ ਹੈ ਦੂਜਾ ਅਫਗਾਨਿਸਤਾਨ, ਅਮਰੀਕਾ ਨੇ ਕਾਨੂੰਨ ਵਿਵਸਥਾ ਨੂੰ ਲੈ ਕੇ ਦਿੱਤਾ ਇਹ ਵੱਡਾ ਬਿਆਨ



ਵਾਸ਼ਿੰਗਟਨ, 6 ਜੁਲਾਈ (ਪੋਸਟ ਬਿਊਰੋ): ਅਮਰੀਕੀ ਕੈਰੇਬੀਅਨ ਦੇਸ਼ ਹੈਤੀ ਦੀ ਹਾਲਤ ਲਗਾਤਾਰ ਵਿਗੜਦੀ ਜਾ ਰਹੀ ਹੈ। ਕਾਨੂੰਨ ਵਿਵਸਥਾ ਹੱਥੋਂ ਖਿਸਕ ਰਹੀ ਹੈ। ਅਸਲ ਵਿੱਚ ਹੈਤੀ ਇੱਕ ਬਹੁਤ ਛੋਟਾ ਦੇਸ਼ ਹੈ। ਪਰ ਇੱਥੇ ਪੁਲਿਸ ਮੁਲਾਜ਼ਮਾਂ ਦੀ ਗਿਣਤੀ ਆਬਾਦੀ ਦੇ ਮੁਕਾਬਲੇ ਨਾਂਹ-ਪੱਖੀ ਸਾਬਤ ਹੋ ਰਹੀ ਹੈ। ਅਜਿਹੇ 'ਚ ਅਪਰਾਧੀ ਲਗਾਤਾਰ ਕਾਨੂੰਨ ਵਿਵਸਥਾ ਨੂੰ ਚੁਣੌਤੀ ਦੇ ਰਹੇ ਹਨ। ਬੱਚਿਆਂ, ਔਰਤਾਂ ਵਿਰੁੱਧ ਜ਼ੁਰਮ ਵਧ ਰਹੇ ਹਨ। ਅਜਿਹੇ 'ਚ ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਕਿਹਾ ਹੈ ਕਿ ਹੈਤੀ ਦੀ ਰਾਸ਼ਟਰੀ ਪੁਲਸ ਨੂੰ ਕਾਨੂੰਨ ਵਿਵਸਥਾ ਬਣਾਈ ਰੱਖਣ ਅਤੇ ਅਰਾਜਕਤਾ ਵਾਲੀ ਸਥਿਤੀ ਨਾਲ ਨਜਿੱਠਣ ਲਈ ਵਿਦੇਸ਼ੀ ਬਲਾਂ ਦੀ ਜ਼ਰੂਰਤ ਹੈ। ਬਲਿੰਕਨ ਦਾ ਇਹ ਬਿਆਨ ਸੰਯੁਕਤ ਰਾਸ਼ਟਰ ਦੇ ਉੱਚ ਅਧਿਕਾਰੀਆਂ ਵੱਲੋਂ ਹੈਤੀ ਵਿੱਚ ਅਸੁਰੱਖਿਆ ਵਿੱਚ ਵਾਧੇ ਅਤੇ ਸਥਿਤੀ ਦੇ ਸੰਭਾਵਿਤ ਵਿਗੜਨ ਦੀ ਚੇਤਾਵਨੀ ਤੋਂ ਬਾਅਦ ਆਇਆ ਹੈ। ਵਿਦੇਸ਼ ਮੰਤਰੀ ਨੇ ਤ੍ਰਿਨੀਦਾਦ ਅਤੇ ਟੋਬੈਗੋ ਦੀ ਇੱਕ ਦਿਨਾ ਯਾਤਰਾ ਦੌਰਾਨ ਹੈਤੀ ਬਾਰੇ ਇਹ ਬਿਆਨ ਦਿੱਤਾ।

ਤਿੰਨ ਦਿਨਾਂ ਸਿਖਰ ਸੰਮੇਲਨ ਦੀ ਮੇਜ਼ਬਾਨੀ ਤ੍ਰਿਨੀਦਾਦ ਅਤੇ ਟੋਬੈਗੋ ਵਿੱਚ ਕੈਰੀਕਾਮ ਨਾਮਕ 15 ਮੈਂਬਰੀ ਕੈਰੇਬੀਅਨ ਵਪਾਰਕ ਸਮੂਹ ਦੁਆਰਾ ਕੀਤੀ ਗਈ ਸੀ। ਹੈਤੀ ਦੇ ਮੁੱਦੇ 'ਤੇ ਚਰਚਾ ਕਰਨ ਲਈ ਕੈਰੇਬੀਅਨ ਦੇਸ਼ਾਂ ਦੇ ਨੇਤਾ ਲਗਾਤਾਰ ਮੀਟਿੰਗਾਂ ਕਰ ਰਹੇ ਹਨ। ਕੈਰੀਕਾਮ ਦੇ ਪ੍ਰਧਾਨ ਅਤੇ ਡੋਮਿਨਿਕਾ ਦੇ ਪ੍ਰਧਾਨ ਮੰਤਰੀ ਰੂਜ਼ਵੈਲਟ ਸਕਰਿਟ ਨੇ ਕਿਹਾ ਕਿ ਸਮੂਹ ਹੈਤੀ ਦੀ ਅਗਵਾਈ ਵਾਲੇ ਹੱਲ ਦਾ ਸਮਰਥਨ ਕਰਦਾ ਹੈ ਪਰ ਨਾਲ ਹੀ ਅਮਰੀਕੀ ਮੱਦਦ ਦੀ ਵੀ ਅਪੀਲ ਕਰਦਾ ਹੈ। ਪਿਛਲੇ ਸਾਲ ਅਕਤੂਬਰ ਵਿੱਚ ਹੈਤੀ ਦੇ ਪ੍ਰਧਾਨ ਮੰਤਰੀ ਏਰੀਅਲ ਹੈਨਰੀ ਨੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਆਪਣੇ ਦੇਸ਼ ਵਿੱਚ ਵਿਦੇਸ਼ੀ ਹਥਿਆਰਬੰਦ ਬਲਾਂ ਦੀ ਤਾਇਨਾਤੀ ਨੂੰ ਰੋਕਣ ਦੀ ਅਪੀਲ ਕੀਤੀ ਸੀ। ਦੇਸ਼ 'ਚ ਸਥਿਤੀ ਲਗਾਤਾਰ ਵਿਗੜਦੀ ਜਾ ਰਹੀ ਹੈ ਅਤੇ ਇਸ ਦੇ ਮੱਦੇਨਜ਼ਰ ਕੌਮਾਂਤਰੀ ਭਾਈਚਾਰੇ 'ਤੇ ਫੋਰਸ ਤਾਇਨਾਤ ਕਰਨ ਦਾ ਦਬਾਅ ਵਧਦਾ ਜਾ ਰਿਹਾ ਹੈ। ਬਲਿੰਕਨ ਨੇ ਹੈਤੀ ਦੀ ਸਥਿਤੀ 'ਤੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਬੈਠਕ ਤੋਂ ਇਕ ਦਿਨ ਪਹਿਲਾਂ ਕਿਹਾ ਸੀ ਕਿ ਉਹ ਸੁਰੱਖਿਆ ਬਹਾਲ ਕਰਨ ਲਈ ਬਹੁ-ਰਾਸ਼ਟਰੀ ਬਲ ਦੀ ਮੰਗ ਦਾ ਸਮਰਥਨ ਕਰਦੇ ਹਨ।

# ਸ੍ਰੀਨਗਰ ਵਿਚ ਰਾਸ਼ਟਰੀ ਗੀਤ ’ਤੇ ਖੜ੍ਹੇ ਨਾ ਹੋਣ ’ਤੇ 14 ਲੋਕ ਗ੍ਰਿਫਤਾਰ, ਪੁਲਿਸ ਨੇ ਭੇਜਿਆ ਜੇਲ੍ਹ



ਸ੍ਰੀਨਗਰ, 6 ਜੁਲਾਈ (ਪੋਸਟ ਬਿਊਰੋ): ਜੂਨ ਵਿਚ ਸ੍ਰੀਨਗਰ 'ਚ ਇਕ ਸਮਾਗਮ ਦੌਰਾਨ 14 ਲੋਕਾਂ ਨੂੰ ਰਾਸ਼ਟਰੀ ਗੀਤ ਚੱਲਣ ਦੌਰਾਨ ਖੜ੍ਹੇ ਨਾ ਹੋਣ 'ਤੇ ਗ੍ਰਿਫਤਾਰ ਕੀਤਾ ਗਿਆ ਸੀ। ਇਸ ਪ੍ਰੋਗਰਾਮ 'ਚ ਜੰਮੂ-ਕਸ਼ਮੀਰ ਦੇ ਲੈਫਟੀਨੈਂਟ ਗਵਰਨਰ ਮਨੋਜ ਸਿਨਹਾ ਵੀ ਮੌਜੂਦ ਸਨ। ਅਧਿਕਾਰੀਆਂ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਕਿਹਾ ਕਿ ਪ੍ਰਸ਼ਾਸਨ ਨੇ ਇਹ ਯਕੀਨੀ ਬਣਾਉਣ ਵਿੱਚ ਅਸਫਲ ਰਹਿਣ ਲਈ ਕੁਝ ਪੁਲਿਸ ਕਰਮਚਾਰੀਆਂ ਨੂੰ ਵੀ ਮੁਅੱਤਲ ਕਰ ਦਿੱਤਾ ਹੈ ਕਿ ਜਦੋਂ ਰਾਸ਼ਟਰੀ ਗੀਤ ਚਲਾਇਆ ਜਾਂਦਾ ਸੀ ਤਾਂ ਹਰ ਕੋਈ ਖੜ੍ਹਾ ਹੁੰਦਾ ਸੀ।

ਅਧਿਕਾਰੀਆਂ ਨੇ ਦੱਸਿਆ ਕਿ 25 ਜੂਨ ਨੂੰ ਜੰਮੂ-ਕਸ਼ਮੀਰ ਪੁਲਿਸ ਵੱਲੋਂ ਆਯੋਜਿਤ 'ਪੈਡਲ ਫਾਰ ਪੀਸ' ਸਾਈਕਲਿੰਗ ਈਵੈਂਟ ਦੇ ਸਮਾਪਤੀ ਸਮਾਰੋਹ ਦੌਰਾਨ ਰਾਸ਼ਟਰੀ ਗੀਤ ਵਜਾਇਆ ਗਿਆ ਪਰ ਕੁਝ ਲੋਕ ਖੜ੍ਹੇ ਨਹੀਂ ਹੋਏ। ਅਧਿਕਾਰੀਆਂ ਨੇ ਕਿਹਾ ਕਿ ਜੰਮੂ-ਕਸ਼ਮੀਰ ਪ੍ਰਸ਼ਾਸਨ ਨੇ ਰਾਸ਼ਟਰੀ ਗੀਤ ਦੇ "ਅਪਮਾਨ" 'ਤੇ ਸਖ਼ਤ ਰੁਖ ਅਪਣਾਇਆ ਅਤੇ ਕਥਿਤ ਉਲੰਘਣਾ ਦੀ ਜਾਂਚ ਸ਼ੁਰੂ ਕੀਤੀ।

ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਜ਼ਾਬਤਾ ਫ਼ੌਜਦਾਰੀ ਪ੍ਰਕਿਰਿਆ (ਸੀ.ਆਰ.ਪੀ.ਸੀ.) ਦੀ ਧਾਰਾ 107 ਅਤੇ 151 ਤਹਿਤ 14 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਦੋਵੇਂ ਧਾਰਾਵਾਂ ਅਫਸਰਾਂ ਨੂੰ ਕਿਸੇ ਅਪਰਾਧ ਦੇ ਸ਼ੱਕ ਵਿੱਚ ਕਿਸੇ ਵਿਅਕਤੀ ਨੂੰ ਗ੍ਰਿਫਤਾਰ ਕਰਨ ਜਾਂ ਨਜ਼ਰਬੰਦ ਕਰਨ ਦਾ ਅਧਿਕਾਰ ਦਿੰਦੀਆਂ ਹਨ। ਅਧਿਕਾਰੀਆਂ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਸਾਰੇ ਲੋਕਾਂ ਨੂੰ ਇੱਥੇ ਕੇਂਦਰੀ ਜੇਲ੍ਹ ਭੇਜ ਦਿੱਤਾ ਗਿਆ ਹੈ।

# ਮੁੰਬਈ ਦੇ ਹਵਾਈ ਅੱਡੇ ’ਤੇ ਇੱਕ ਯਾਤਰੀ ਕੋਲੋਂ 3 ਕਰੋੜ ਰੁਪਏ ਦੀ ਵਿਦੇਸ਼ੀ ਕਰੰਸੀ ਬਰਾਮਦ



ਮੁੰਬਈ, 6 ਜੁਲਾਈ (ਪੋਸਟ ਬਿਊਰੋ): ਮੁੰਬਈ ਦੇ ਛਤਰਪਤੀ ਸ਼ਿਵਾਜੀ ਮਹਾਰਾਜ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਸੀ.ਆਈ.ਐੱਸ.ਐੱਫ. ਦੇ ਕਰਮਚਾਰੀਆਂ ਨੇ ਸਾਮਾਨ 'ਚ ਲੁਕਾਈ ਗਈ ਕਰੀਬ 3 ਕਰੋੜ ਰੁਪਏ ਦੀ ਵਿਦੇਸ਼ੀ ਕਰੰਸੀ (ਦਿਰਹਮ) ਬਰਾਮਦ ਕੀਤੀ ਹੈ। ਸੀ.ਆਈ.ਐੱਸ.ਐੱਫ. ਨੇ ਖੁਦ ਇਸ ਗੱਲ ਦੀ ਜਾਣਕਾਰੀ ਦਿੱਤੀ। ਸੀ.ਆਈ.ਐੱਸ.ਐੱਫ. ਮੁਤਾਬਕ, ਯਾਤਰੀ ਦੀ ਪਛਾਣ ਪਾਲੇਕਰ ਲਿਆਕਤ ਅਬਦੁੱਲਾ (ਭਾਰਤੀ) ਦੇ ਰੂਪ 'ਚ ਹੋਈ ਹੈ, ਜੋ ਮੁੰਬਈ ਤੋਂ ਦੁਬਈ ਜਾ ਰਿਹਾ ਸੀ। ਪੁੱਛਗਿੱਛ ਦੌਰਾਨ ਯਾਤਰੀ ਇੰਨੀ ਵੱਡੀ ਮਾਤਰਾ 'ਚ ਵਿਦੇਸ਼ੀ ਕਰੰਸੀ ਲੈ ਕੇ ਜਾਣ ਦਾ ਕੋਈ ਪੁਖਤਾ ਦਸਤਾਵੇਜ਼ ਨਹੀਂ ਦਿਖਾ ਸਕਿਆ।

ਸੀ.ਆਈ.ਐੱਸ.ਐੱਫ. ਨੇ ਦੱਸਿਆ ਕਿ ਮਾਮਲੇ 'ਚ ਅੱਗੇ ਦੀ ਕਾਰਵਾਈ ਲਈ ਯਾਤਰੀ ਨੂੰ ਬਰਾਮਦ ਵੱਡੀ ਮਾਤਰਾ 'ਚ ਵਿਦੇਸ਼ ਕਰੰਸੀ ਦੇ ਨਾਲ ਕਸਟਮ ਅਧਿਕਾਰੀਆਂ ਨੂੰ ਸੌਂਪ ਦਿੱਤਾ ਗਿਆ ਹੈ।




ੴ ਸਤਿਗੁਰ ਪ੍ਰਸਾਦਿ ॥
ਗੁਰਮੁਖਿ ਜਨਮ ਸਵਾਰਿ ਦਰਗਹਿ ਚਲਿਆ ॥
ਸੱਚੀ ਦਰਗਹਿ ਜਾਇ ਸਚਾ ਪਿੜ ਮਲਿਆ ॥
ੴ

ਸ. ਤਰਲੋਚਨ ਸਿੰਘ ਗਿੱਲ (ਗਾਲਿਬ ਕਲਾਂ)
ਵੱਲੋਂ
ਆਪ ਜੀ ਨੂੰ ਬੇਨਤੀ ਹੈ ਕਿ ਉਹਨਾਂ ਦੀ ਧਰਮਪਤਨੀ
DECEMBER 1941 - JULY 2021
ਸਰਦਾਰਨੀ ਕੁਲਦੀਪ ਕੌਰ ਗਿੱਲ
ਜੋ ਕਿ ਦੋ ਸਾਲ ਪਹਿਲਾਂ ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ ਉਹਨਾਂ ਦੀ ਆਤਮਿਕ ਸ਼ਾਂਤੀ ਦੇ ਸਬੰਧ ਵਿੱਚ

ਸ੍ਰੀ ਅਖੰਡ ਪਾਠ ਸਾਹਿਬ ਜੀ ਦਾ ਭੋਗ

ਦਿੱਤੇ ਪ੍ਰੋਗਰਾਮ ਅਨੁਸਾਰ ਪਵੇਗਾ । ਸੋ ਆਪ ਜੀ ਨੇ ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ । ਅਤੀ ਧੰਨਵਾਦੀ ਹੋਵਾਗੇ ਜੀ ।

ਪ੍ਰੋਗਰਾਮ

7 ਜੁਲਾਈ 2023, ਦਿਨ ਸ਼ੁੱਕਰਵਾਰ
ਅਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ.......1.30 ਵਜੇ ਦੁਪਿਹਰ

9 ਜੁਲਾਈ 2023, ਦਿਨ ਐਤਵਾਰ
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ..........1.00 ਵਜੇ ਦੁਪਿਹਰ
ਕੀਰਤਨ ................................ 2.00 ਵਜੇ ਦੁਪਿਹਰ
ਗੁਰੂ ਕਾ ਲੰਗਰ...........................3.00 ਵਜੇ ਦੁਪਿਹਰ

ਸਥਾਨ: ਸ੍ਰੀ ਗੁਰੂ ਸਿੰਘ ਸਭਾ ਮਾਲਟਨ
Sri Guru Singh Sabha Malton
7280 Airport Rd, Mississauga, ON L4T 2H3
ਸਮੂਹ ਗਿੱਲ ਪਰਿਵਾਰ
+1 416-802-7377, +1 416-735-7737
+1 416-880-9785
E-mail: tgill@imchd.com

Design by: ਡੋਗਰਾ ਪ੍ਰਿੰਟਰਜ਼, ਲਿੰਕ ਰੋਡ, ਜਗਰਾਉਂ #98784-03812



VENUE
HEART LAKE CONVERSATION PARK
SITE - LAKEMOUNT 4
Address: 10818 Heart Lake Rd, Brampton, ON L6Z 0B3



Samrai Picnic
AUGUST 6, 2023

ਪਿੰਡ ਸਮਰਾਏ ਦੇ ਵਾਸੀਆਂ ਵਲੋਂ 6 ਅਗਸਤ ਨੂੰ ਪਿਕਨਿੱਕ

ਪਿੰਡ ਸਮਰਾਏ ਦੇ ਸਮੂਹ ਵਾਸੀਆਂ ਵਲੋਂ ਆਪਣੀ ਸਲਾਨਾ ਪਿਕਨਿਕ **06** ਅਗਸਤ ਦਿਨ ਐਤਵਾਰ ਨੂੰ ਹਾਰਟ ਲੇਕ ਕੰਜ਼ੂਵੇਸ਼ਨ ਪਾਰਕ ਵਿਖੇ ਠੀਕ ਦੁਪਿਹਰ 11 ਵਜ ਤੋਂ ਸ਼ਾਮ 6 ਵਜੇ ਤੱਕ ਮਨਾਈ ਜਾ ਰਹੀ ਹੈ । ਇਸ ਦੌਰਾਨ ਬੱਚਿਆਂ ਦੀਆਂ ਖੇਡਾਂ ਅਤੇ ਹੋਰ ਮਨੋਰੰਜਕ ਖੇਡਾਂ ਕਰਵਾਈਆਂ ਜਾਣਗੀਆਂ ਜਿਹਨਾਂ ਵਿਚ ਲੇਡੀਜ਼ ਲਈ 50 ਮੀਟਰ ਦੌੜ, ਬੋਰੀ ਰੇਸ ਅਤੇ ਤਿੰਨ ਟੰਗੀ ਰੇਸ ਵੀ ਸ਼ਾਮਲ ਹਨ । ਪ੍ਰਬੰਧਕਾਂ ਵਲੋਂ ਜੀਟੀਏ ਵਿਚ ਵੱਸਦੇ ਸਮੂਹ ਸਮਰਾਏ ਪਿੰਡ ਵਾਸੀਆਂ ਨੂੰ ਬੇਨਤੀ ਹੈ ਕਿ ਉਹ ਪਰਿਵਾਰਾਂ ਸਮੇਤ ਇਸ ਪਰਿਵਾਰਕ ਪਿਕਨਿਕ ਵਿਚ ਸ਼ਾਮਲ ਹੋਣ ਅਤੇ ਆਪਣੇ ਪਿੰਡ ਨਾਲ ਜੁੜੀਆਂ ਯਾਦਾਂ ਨੂੰ ਤਾਜਾ ਕਰਨ ।



People of Village. Samrai has organised a Picnic on **August 06, 2023, Sunday from 11 am to 6 pm.**
In the park various activities will be played such as **50 meter race, sack race, 3-legged race.**
We request you to accompany your childrens, parents, grandparents with you to recall old memories.

ਪਿਕਨਿੱਕ ਬਾਰੇ ਜਿਆਦਾ ਜਾਣਕਾਰੀ ਲਈ ਸੁਰਜੀਤ ਸਮਰਾ 289-828-2117, ਅਮਰਜੀਤ ਸਮਰਾ 416-939-8292 ਜਾਂ ਮੋਹੀਂਦਰ ਸਮਰਾ 416-271-8477 ਨੂੰ ਸੰਪ੍ਰਕ ਕੀਤਾ ਜਾ ਸਕਦਾ ਹੇ।

# ਦੱਖਣੀ ਅਫਰੀਕਾ ਦੇ ਜੋਹਾਨਸਬਰਗ ਵਿੱਚ ਗੈਸ ਲੀਕ, ਇੱਕ ਸਾਲ ਦੇ ਬੱਚੇ ਸਮੇਤ 16 ਲੋਕਾਂ ਦੀ ਮੌਤ

ਜੋਹਾਨਸਬਰਗ, 6 ਜੁਲਾਈ (ਪੋਸਟ ਬਿਊਰੋ): ਦੱਖਣੀ ਅਫਰੀਕਾ ਦੇ ਜੋਹਾਨਸਬਰਗ ਦੀ ਇਕ ਟਾਊਨਸ਼ਿਪ ਵਿਚ ਬੁੱਧਵਾਰ ਨੂੰ ਇਕ ਵੱਡਾ ਹਾਦਸਾ ਵਾਪਰ ਗਿਆ। ਇੱਥੇ ਸ਼ੱਕੀ ਗੈਸ ਲੀਕ ਹੋਣ ਕਾਰਨ ਘੱਟੋ-ਘੱਟ 16 ਲੋਕਾਂ ਦੀ ਮੌਤ ਹੋ ਗਈ। ਮਰਨ ਵਾਲਿਆਂ ਵਿੱਚ ਪੰਜ ਔਰਤਾਂ ਅਤੇ ਤਿੰਨ ਬੱਚੇ ਸ਼ਾਮਿਲ ਹਨ। ਮੌਕੇ 'ਤੇ ਪਹੁੰਚੀ ਪੁਲਸ ਟੀਮ ਨੇ ਕਈ ਲੋਕਾਂ ਨੂੰ ਬਚਾਇਆ।

ਜਾਣਕਾਰੀ ਅਨੁਸਾਰ ਗੌਤੇਂਗ ਪ੍ਰਾਂਤ ਦੀ ਸਰਕਾਰ ਦੇ ਮੁਖੀ ਪੰਯਾਜਾ ਲੇਸੂਫੀ ਘਟਨਾ ਸਥਾਨ 'ਤੇ ਪਹੁੰਚੇ। ਉਨ੍ਹਾਂ ਦੱਸਿਆ ਕਿ ਫਿਲਹਾਲ ਇਸ ਗੱਲ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਇਹ ਹਾਦਸਾ ਕਿਸ ਗੈਸ ਦੇ ਲੀਕ ਹੋਣ ਕਾਰਨ ਵਾਪਰਿਆ ਹੈ।

ਜੋਹਾਨਸਬਰਗ ਦੇ ਪੂਰਬ ਵਿੱਚ, ਬੋਕਸਬਰਗ ਜ਼ਿਲ੍ਹੇ ਦੇ ਨੇੜੇ ਐਂਜੇਲੋ ਨਾਂ ਦੀ ਇੱਕ ਵਰਗ ਬਸਤੀ ਹੈ। ਇਹ ਖੇਤਰ ਗੈਰ-ਕਾਨੂੰਨੀ ਮਾਈਨਿੰਗ ਗਤੀਵਿਧੀਆਂ ਨਾਲ ਜੁੜਿਆ ਮੰਨਿਆ ਜਾਂਦਾ ਹੈ। ਮੀਡੀਆ ਨਾਲ ਗੱਲਬਾਤ ਕਰਦਿਆਂ ਐਮਰਜੈਂਸੀ ਸਰਵਿਸਿਜ਼ ਏਜੰਸੀ ਦੇ ਬੁਲਾਰੇ ਵਿਲੀਅਮ ਐਂਟਲੇਡੀ ਨੇ ਦੱਸਿਆ ਕਿ ਘਟਨਾ ਸਥਾਨ 'ਤੇ 24 ਲੋਕਾਂ ਦੀਆਂ ਲਾਸ਼ਾਂ ਮਿਲੀਆਂ ਹਨ। ਹਾਲਾਂਕਿ, ਅਧਿਕਾਰੀਆਂ ਨੇ ਬਾਅਦ



ਵਿੱਚ ਸਿਰਫ 16 ਮੌਤਾਂ ਦੀ ਪੁਸ਼ਟੀ ਕੀਤੀ। ਇਸ ਦੇ ਨਾਲ ਹੀ ਹਸਪਤਾਲ 'ਚ ਦਾਖਲ 4 ਲੋਕਾਂ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ।

ਵਿਲੀਅਮ ਐਂਟਲੇਡੀ ਮੁਤਾਬਕ ਐਮਰਜੈਂਸੀ ਸਰਵਿਸਿਜ਼ ਏਜੰਸੀ ਨੂੰ ਰਾਤ ਕਰੀਬ 8 ਵਜੇ ਗੈਸ ਧਮਾਕੇ ਦੀ ਕਾਲ ਮਿਲੀ। ਜਦੋਂ ਕਰਮਚਾਰੀ ਉਥੇ ਪਹੁੰਚੇ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਇਹ ਸਿਲੰਡਰ 'ਚੋਂ ਜ਼ਹਿਰੀਲੀ ਗੈਸ ਦਾ ਲੀਕ ਹੋਣਾ ਸੀ। ਜਦੋਂ ਕਿ ਲਸੂਫੀ ਨੇ ਦੱਸਿਆ ਕਿ ਮੌਕੇ 'ਤੇ ਹਰ ਲਾਸ਼ ਖਿੱਲਰੀ ਪਈ ਸੀ। ਹਾਦਸੇ ਵਿੱਚ ਮਰਨ ਵਾਲੇ ਬੱਚੇ ਦੀ ਉਮਰ ਇੱਕ ਸਾਲ ਸੀ।

ਦੱਖਣੀ ਅਫ਼ਰੀਕਾ ਦੇ ਮੀਡੀਆ ਨੇ ਵੀ ਖ਼ਦਸ਼ਾ ਪ੍ਰਗਟਾਇਆ ਹੈ ਕਿ ਇਹ ਗੈਸ ਲੀਕ ਇਲਾਕੇ ਵਿੱਚ ਗ਼ੈਰ-ਕਾਨੂੰਨੀ ਮਾਈਨਿੰਗ ਗਤੀਵਿਧੀਆਂ ਨਾਲ ਵੀ ਜੁੜੀ ਹੋ ਸਕਦੀ ਹੈ। ਬਾਕਸਬਰਗ ਜ਼ਿਲ੍ਹੇ ਦੇ ਸਥਾਨਕ ਅਧਿਕਾਰੀ ਨੇ ਵੀ ਇਸ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗੈਸ ਦੀ ਵਰਤੋਂ ਗੈਰ-ਕਾਨੂੰਨੀ ਮਾਈਨਿੰਗ ਗਤੀਵਿਧੀਆਂ ਦੇ ਹਿੱਸੇ ਵਜੋਂ ਕੀਤੀ ਜਾ ਰਹੀ ਸੀ।

## ਫੀਮੇਲ ਹਾਊਸਕੀਪਰ ਦੀ ਲੋੜ

ਮਾਰਖਮ ਹਾਊਸ, ਜਿਸ ਵਿਚ ਕ੍ਰਿਸ਼ਨਾ ਮੰਦਰ ਹੈ, ਲਈ ਫੁਲ ਟਾਈਮ ਲਿਵ ਇਨ ਫੀਮੇਲ ਹਾਊਸਕੀਪਰ ਦੀ ਲੋੜ ਹੈ। ਘਰ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਇੱਥੋਂ ਤੱਕ ਕਿ ਪਿਆਜ ਅਤੇ ਲਹਿਸਣ ਦੀ ਵਰਤੋਂ ਦੀ ਵੀ ਆਗਿਆ ਨਹੀਂ ਹੈ। ਕੰਮ ਦੇ ਵਿਚ ਖਾਣਾ ਬਣਾਉਣਾ, ਸਾਫ-ਸਫਾਈ ਅਤੇ ਸਾਰੇ ਘਰ ਦੀ ਵਧੀਆ ਤਰੀਕੇ ਨਾਲ ਸੰਭਾਲ ਕਰਨੀ ਸ਼ਾਮਲ ਹਨ। ਹਾਊਸਕੀਪਰ ਨੂੰ ਘਰ ਦੇ ਮੈਂਬਰ ਵਾਂਗ ਰੱਖਿਆ ਜਾਵੇਗਾ। ਚਾਹਵਾਨ ਕ੍ਰਿਪਾ ਕਰਕੇ vbsharma@vbsharma.ca ਉਤੇ ਅਪਲਾਈ ਕਰਨ। ਫੋਨ ਨੰਬਰ 416-292-4431 ext. 224 ਉਤੇ 3 ਵਜੇ ਤੋਂ ਬਾਅਦ ਸੰਪਰਕ ਕਰ ਸਕਦੇ ਹਨ।

NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK)
Barrister, Solicitor & Notary Public
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization
BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Dr. Randhawa Dentistry
Your own dentist who really cares for you
We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment
Dr. Samreet Kaur Randhawa
General Family Dentist
New Patients welcome
Deal Directly with all Insurance Companies
- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
Mayfield Rd · Mcvean Dr · Gore Rd · Squire Ellis Dr · Countryside Dr

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਲੜਕੇ ਦੀ ਲੋੜ

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ:9478403300

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

You can Place Your Business Here
(905)793-2202
To Reach Wider Audience
For more info Call 905-793-2202 or e-mail ads@punjabipost.ca

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Natasha Mahal, Co-Host
Cell:416-587-5520
Email: iqbalmahal46@gmail.com
Iqbal Mahal, Producer & Host
Serving the South Asian Community Since 1976

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟਰਕਟਰ
647-998-7500 ਬਲਵਿੰਦਰ

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਸੈਲ ਐਡ ਫਿਕਸ
ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6

# ਭੰਡਾਂ ਦਾ ਚੈਂਪੀਅਨ ਭਗਵੰਤ ਮਾਨ





-ਪ੍ਰਿੰ. ਸਰਵਣ ਸਿੰਘ-

ਭਗਵੰਤ ਮਾਨ ਦਾ ਕਮੇਡੀ ਸ਼ੋਅ 'ਨੋ ਲਾਈਫ ਵਿਦ ਵਾਈਫ' ਵੇਖ ਕੇ ਮੈਂ ਇਹ ਹਾਸ ਵਿਅੰਗ 2014 ਵਿਚ ਲਿਖਿਆ ਸੀ। ਲਓ ਹੁਣ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਬਤੌਰ ਕਮੇਡੀਅਨ ਤੇ ਸਿਆਸਤਦਾਨ ਵੇਖੋ ਪਰਖੋ।

ਭਗਵੰਤ ਮਾਨ ਹਾਸ ਵਿਅੰਗੀ ਟੋਟਕਿਆਂ ਨਾਲ ਬੁਰਾਈਆਂ ਨੂੰ ਲਗਾਤਾਰ ਭੰਡਦਾ ਆ ਰਿਹੈ। ਇਹੀ ਉਸ ਦੀ ਕਲਾਕਾਰੀ ਹੈ। ਇਸ ਕਲਾਕਾਰੀ ਨੇ ਉਸ ਨੂੰ ਲੋਕ ਸਭਾ ਦਾ ਮੈਂਬਰ ਬਣਾਉਣ ਵਿਚ ਚੋਖੀ ਮਦਦ ਕੀਤੀ। ਜਿਵੇਂ ਉਹ ਹੋਰਨਾਂ ਨੂੰ ਸਾਵਧਾਨ ਕਰਦਾ ਆ ਰਿਹੈ ਉਵੇਂ ਪਾਰਲੀਮੈਂਟ ਦੇ ਮੈਂਬਰ ਵਜੋਂ ਉਸ ਨੂੰ ਵੀ ਸਾਵਧਾਨ ਰਹਿਣਾ ਪਵੇਗਾ। ਅੱਗੇ ਵੀ ਇਕ ਮਾਨ ਵੱਡੇ ਬਹੁਮੱਤ ਨਾਲ ਪਾਰਲੀਮੈਂਟ ਦਾ ਮੈਂਬਰ ਬਣਿਆ ਸੀ ਪਰ ਉਹ ਪੌੜੀਆਂ 'ਚੋਂ ਹੀ ਮੁੜ ਆਇਆ ਸੀ। ਜਦੋਂ ਕੋਈ ਸਿਆਸਤ ਦੀਆਂ ਪੌੜੀਆਂ ਚੜ੍ਹਦੈ ਤਾਂ ਬੜੀਆਂ ਬਲਾਵਾਂ ਹੁੰਦੀਆਂ ਜਿਹੜੀਆਂ ਤਰ੍ਹਾਂ ਤਰ੍ਹਾਂ ਜਾਲ ਤਣਦੀਆਂ। ਉਨ੍ਹਾਂ 'ਚ ਫਸਣੋਂ ਕੋਈ ਮਾਈ ਦਾ ਲਾਲ ਹੀ ਬਚਦੈ। ਭਗਵੰਤ ਮਾਨ ਦੇ ਸ਼ੁਭਚਿੰਤਕ ਚਾਹੁੰਦੇ ਹਨ ਕਿ ਉਹ ਨਾ ਸਿਰਫ਼ ਬਚਿਆ ਰਹੇ ਬਲਕਿ ਸ਼ਹੀਦ ਭਗਤ ਸਿੰਘ ਦੇ ਦਿਖਾਏ ਰਾਹ 'ਤੇ ਅੱਗੇ ਹੀ ਅੱਗੇ ਵਧਦਾ ਜਾਏ।

ਸ਼ਹੀਦ ਭਗਤ ਸਿੰਘ ਨੇ ਪਾਰਲੀਮੈਂਟ 'ਚ ਬੰਬ ਸੁੱਟ ਕੇ ਆਪਣੀ ਆਵਾਜ਼ ਅੰਗਰੇਜ਼ਾਂ ਦੇ ਬੋਲੇ ਕੰਨਾਂ ਤਕ ਪੁਚਾਈ ਸੀ। ਭਗਵੰਤ ਮਾਨ ਨੇ ਭਗਤ ਸਿੰਘ ਦੀ ਯਾਦਗਾਰ ਅੱਗੇ ਪ੍ਰਣ ਕੀਤਾ ਹੈ ਕਿ ਉਹ ਲੋਕਾਂ ਦੀ ਆਵਾਜ਼ ਭਾਰਤ ਦੇ ਬੋਲੇ ਹਾਕਮਾਂ ਤਕ ਪੁਚਾਉਂਦਾ ਰਹੇਗਾ। ਜਿਹੜੀ ਲੜਾਈ ਭਗਤ ਸਿੰਘ ਨੇ ਸ਼ੁਰੂ ਕੀਤੀ ਸੀ ਉਹ ਅੱਗੇ ਵਧਾਏਗਾ। ਸੰਗਰੂਰ ਦੇ ਵੋਟਰਾਂ ਨੇ ਉਸ ਨੂੰ ਪੰਜਾਬ ਵਿਚੋਂ ਸਭ ਤੋਂ ਵੱਧ ਵੋਟਾਂ ਨਾਲ ਜਿਤਾਇਆ ਹੈ। ਪੰਜਾਬ ਨੂੰ ਉਹਦੇ ਤੋਂ ਬਹੁਤ ਆਸਾਂ ਹਨ। ਇਹ ਤਾਂ ਸਮਾਂ ਹੀ ਦੱਸੇਗਾ ਕਿ ਉਹਦੀ ਆਵਾਜ਼ ਵਿਚ ਕਿੰਨਾ ਕੁ ਦਮ ਖ਼ਮ ਹੈ?

ਹੁਣ ਉਹ ਸਰਗਰਮ ਸਿਆਸਤ ਵਿਚ ਸ਼ਾਮਲ ਹੈ। ਦੋ ਲੱਖ ਤੋਂ ਵੱਧ ਵੋਟਾਂ ਨਾਲ ਲੋਕ ਸਭਾ ਦੀ ਚੋਣ ਜਿੱਤਣ ਕਰਕੇ ਭਗਵੰਤ ਨੂੰ ਭਵਿੱਖ ਦਾ ਵੱਡਾ ਨੇਤਾ ਚਿਤਵਿਆ ਜਾ ਰਿਹੈ। ਕੀ ਪਤਾ ਕਦੇ ਪੰਜਾਬ ਦਾ ਮੁੱਖ ਮੰਤਰੀ ਹੀ ਬਣ ਜਾਵੇ? ਫਿਰ ਕੀ ਪਤਾ ਉਹ ਵੀ ਕਬੱਡੀ ਦਾ ਵਰਲਡ ਕੱਪ ਕਰਾਵੇ। ਕਬੱਡੀ ਦੇ ਪਹਿਲੇ ਵਰਲਡ ਕੱਪ ਸਮੇਂ ਉਹ ਸਾਡੀ ਕੁਮੈਂਟੇਟਰਾਂ ਦੀ ਟੀਮ ਵਿਚ ਸ਼ਾਮਲ ਸੀ ਜਿਸ ਦਾ ਮੈਂ ਕੁਆਰਡੀਨੇਟਰ ਸਾਂ। ਉਹ ਹਰ ਸਟੇਡੀਅਮ ਵਿਚ ਨਵਾਂ ਬਾਣਾ ਬਦਲਦਾ ਤੇ ਕਬੱਡੀ ਖਿਡਾਰੀਆਂ ਬਾਰੇ ਨਵੇਂ ਟੋਟਕੇ ਜੋੜਦਾ:

ਕਬੱਡੀ ਦੇਖਣ ਲਈ ਲੋਕ ਖੰਭਿਆਂ,
ਦਰੱਖਤਾਂ ਤੇ ਟਾਵਰਾਂ 'ਤੇ ਲਟਕਣਗੇ
ਹੁਣ ਧੋਨੀ ਤੇ ਸਹਿਵਾਗ ਵਾਂਗੂੰ ਮੰਗੀ,
ਸੁੱਖੀ ਤੇ ਦੁੱਲੇ ਹੋਰੀਂ ਵੀ ਚਮਕਣਗੇ
ਰਹਿਣ ਚੜ੍ਹਦੀ ਕਲਾ 'ਚ ਖਿਡਾਰੀ,
ਅਸੀਂ ਰੱਬ ਤੋਂ ਦੁਆ ਇਹ ਖ਼ਾਸ ਮੰਗਦੇ
ਕੀ ਜੱਜ ਵਕੀਲ ਤੇ ਬਿਜ਼ਨਸਮੈਨ,
ਹੁਣ ਸਾਰੇ ਹੀ ਕਬੱਡੀ ਦਾ ਪਾਸ ਮੰਗਦੇ...

ਉਦੋਂ ਮਨੋਰੰਜਨ ਦੀ ਮੰਡੀ ਵਿਚ ਉਹਦੀ ਝੰਡੀ ਸੀ। ਉਹਦਾ ਇਕ ਇਕ ਸ਼ੋਅ ਲੱਖਾਂ 'ਚ ਵਿਕਦਾ। ਮੈਂ ਲਿਖਿਆ ਸੀ, "ਜੇ ਕਿਤੇ ਭੰਡਾਂ ਦਾ ਵਰਲਡ ਕੱਪ ਹੋਵੇ ਤਾਂ ਭਾਰਤ ਦਾ ਭਗਵੰਤ ਮਾਨ ਗੋਲਡ ਮੈਡਲ ਜਿੱਤ ਸਕਦੈ ਤੇ ਭਾਰਤ ਦੀ ਮੈਡਲ ਜਿੱਤਣ ਦੀ ਖੁਸ਼ਕੀ ਦੂਰ ਕਰ ਸਕਦੈ। ਫੇਰ ਮੈਨੂੰ ਵੀ ਲਿਖਣਾ ਪੈ ਸਕਦੈ: ਭੰਡਾਂ ਦਾ ਚੈਂਪੀਅਨ ਭਗਵੰਤ ਮਾਨ! ਮੈਂ ਉਹਦਾ ਰੇਖਾ ਚਿੱਤਰ ਇੰਜ ਸ਼ੁਰੂ ਕਰਦਾ, "ਬੰਦਾ ਤਾਂ ਉਹ ਬੂਟਾਂ ਸਣੇ ਸਾਢੇ ਪੰਜ ਫੁੱਟ ਦਾ ਈ ਐ ਤੇ ਵਜ਼ਨ ਹੋਵੇਗਾ ਲੀੜੇ ਲੱਤੇ ਸਮੇਤ ਡੂਢ ਮਣ। ਪਰ ਪਤੰਦਰ ਜਿੰਨਾ ਧਰਤੀ ਤੋਂ ਉਤੇ ਐ ਧਰਤੀ 'ਚ ਓਦੂੰ ਕਿਤੇ ਵੱਧ ਐ। ਪਤਾ ਨੀ ਪਿਉ ਦੇ ਪੁੱਤ ਨੂੰ ਮਾਂ ਨੇ ਕੀ ਖਾ ਕੇ ਜੰਮਿਐਂ? ਇਹੋ ਜਿਹਾ ਪਟਾਕਾ ਪਾਉਂਦੈ ਕਿ ਬੰਦਾ ਹੱਸਦਾ-ਹੱਸਦਾ ਮਰਨਹਾਕਾ ਹੋ ਜਾਂਦੈ!"

ਉਸ ਦਾ ਜਨਮ ਪਿੰਡ ਸਤੌਜ, ਤਹਿਸੀਲ ਸੁਨਾਮ, ਜ਼ਿਲ੍ਹਾ ਸੰਗਰੂਰ ਵਿਚ 17 ਅਕਤੂਬਰ 1972 ਨੂੰ ਹੋਇਆ। ਉਸ ਦੇ ਪਿਤਾ ਮਰਹੂਮ ਮਹਿੰਦਰ ਸਿੰਘ ਸਾਇੰਸ ਮਾਸਟਰ ਸਨ ਜੋ ਖੇਤੀਬਾੜੀ ਵੀ ਕਰਦੇ ਸਨ। ਭਗਵੰਤ ਨੇ ਡੰਗਰ ਚਾਰਦਿਆਂ, ਸਕੂਲੇ ਪੜ੍ਹਦਿਆਂ ਤੇ ਖੇਤੀਬਾੜੀ ਕਰਦਿਆਂ ਰੱਜ ਕੇ ਸ਼ਰਾਰਤਾਂ ਕੀਤੀਆਂ। ਘਰਦਿਆਂ ਤੇ ਮਾਸਟਰਾਂ ਦੀ ਚੰਗੀ ਕੁੱਟ ਖਾਧੀ ਤੇ ਕਈਆਂ ਨੂੰ ਕੁੱਟਿਆ ਵੀ। ਸਕੂਲ ਦੀ ਫੱਟੀ, ਲਿਖਣ ਨਾਲੋਂ ਕੁੱਟਣ ਦੇ ਕੰਮ ਵੱਧ ਆਈ। ਕਦੇ ਮਾਸਟਰਾਂ ਦੀਆਂ ਨਕਲਾਂ ਲਾਉਂਦਾ, ਕਦੇ ਭੈਣ ਜੀਆਂ ਦੀਆਂ। ਉਨ੍ਹਾਂ ਨੂੰ ਟਾਪੂ ਤੇ ਟਪੂਸੀਆਂ ਲਾ ਕੇ ਵਿਖਾਉਂਦਾ। ਭੰਬੀਰੀ ਬਣਿਆ ਪੰਗੇ ਲੈਂਦਾ ਫਿਰਦਾ। ਆਢਣਾਂ ਗੁਆਂਢਣਾਂ ਉਹਦੀ ਮਾਂ ਨੂੰ ਉਲਾਂਭੇ ਦਿੰਦੀਆਂ, "ਨੀ ਹਰਪਾਲ ਕੁਰੇ, ਥੋਡਾ ਭੰਤਾ ਤਾਂ ਸਾਡੀਆਂ ਵੀ ਰੀਸਾਂ ਲਾਉਣੋਂ ਨੀ ਹਟਦਾ। ਏਹਨੂੰ ਕੁੜੇ ਮਰਾਸੀਆਂ ਦਾ ਪਾਹ ਕਿਥੋਂ ਚੜ੍ਹ ਗਿਆ?"

ਕੋਈ ਉਹਦੇ ਪਿਓ ਨੂੰ ਕਹਿੰਦਾ, "ਮਾਸਟਰਾ, ਮੁੰਡਾ ਤਾਂ ਤੇਰਾ ਪੂਰਾ ਅਫਲਾਤੂਨ ਐਂ। ਕੀ ਖੁਆਉਨੈਂ ਤੂੰ ਏਹਨੂੰ? ਏਹਨੂੰ ਡਰਾਮੇ-ਡਰੂਮੇ ਆਲਿਆਂ ਨਾਲ ਰਲਾ ਦੇ, ਕਮਾਲਾਂ ਕਰਦੂ। ਕੀ ਪਿਆ ਪੜ੍ਹਾਈਆਂ 'ਚ?"

ਪਿਤਾ ਨੇ ਉਸ ਨੂੰ ਡਾਕਟਰ ਬਣਾਉਣ ਵਾਸਤੇ ਪਹਿਲਾਂ ਮੈਡੀਕਲ ਕੋਰਸ ਦੁਆਇਆ, ਫਿਰ ਬੀ ਕਾਮ ਤੇ ਅਖ਼ੀਰ ਆਰਟਸ। ਪਰ ਉਹ ਕਿਸੇ ਵਿਚ ਵੀ ਨਾ ਚੱਲਿਆ। ਆਖ਼ਰ ਪੜ੍ਹਾਈ ਵਿਚੇ ਛੱਡ ਕੇ ਹਾਸੇ ਖੇਡੇ ਦੀ ਮੰਡੀ 'ਚ ਅਜਿਹਾ ਚੱਲਿਆ ਕਿ ਉਹਦਾ ਭਾਅ ਵਧਦਾ ਹੀ ਗਿਆ। ਚੋਣਾਂ 'ਚ ਸਿਆਸਤਦਾਨਾਂ ਬਾਰੇ ਘੜੇ ਟੋਟਕੇ ਉਹਨੂੰ ਹੀ ਨਹੀਂ, ਆਪ ਦੇ ਹੋਰਨਾਂ ਉਮੀਦਵਾਰਾਂ ਨੂੰ ਵੀ ਤਾਰ ਗਏ। ਉਂਜ ਉਹ ਦੂਜਿਆਂ ਦਾ ਮਖੌਲ ਉਡਾਉਣ ਦੇ ਨਾਲ ਆਪਣੇ ਆਪ ਨੂੰ ਵੀ ਨਹੀਂ ਬਖ਼ਸ਼ਦਾ। ਕਹਿੰਦਾ ਹੈ, "ਜਦੋਂ ਮੈਂ ਜੰਮਿਆ ਤਾਂ ਮੈਨੂੰ ਮਾਤੂਆ ਜਿਆ ਦੇਖ ਕੇ ਬੁੜ੍ਹੀਆਂ ਕਹੀ ਜਾਣ, ਏਹਨੇ ਤਾਂ ਆਵਦੇ ਨਾਨਕਿਆਂ ਦੀ ਪੰਜੀਰੀ ਦਾ ਮੁੱਲ ਵੀ ਨੀ ਮੋੜਿਆ!"

ਉਹ ਸ਼ਹੀਦ ਊਧਮ ਸਿੰਘ ਕਾਲਜ ਸੁਨਾਮ ਵਿਚ ਪੜ੍ਹਨ ਲੱਗਾ ਤਾਂ ਨਾਲ ਹੀ ਨਕਲਾਂ ਲਾਉਣ ਲੱਗ ਪਿਆ। ਯੂਥ ਫੈਸਟੀਵਲ 'ਚ ਉਸ ਨੇ ਕਬਾੜੀਏ ਦੀ ਨਕਲ ਲਾਈ। ਮੂੰਹ 'ਤੇ ਕਾਲ਼ਾ ਤੇਲ ਮਲ਼ਿਆ, ਮੈਲ਼ੇ ਕਪੜੇ ਪਾਏ, ਸਾਈਕਲ 'ਤੇ ਕਬਾੜ ਦੀਆਂ ਬੋਰੀਆਂ ਲੱਦੀਆਂ ਤੇ 'ਖਾਲੀ ਬੋਤਲਾਂ, ਟੁੱਟੀਆਂ ਚੱਪਲਾਂ, ਰੱਦੀ ਅਖ਼ਬਾਰ, ਪੁਰਾਣਾ ਲੋਹਾ ਵੇਚ ਲਓ' ਦਾ ਹੋਕਾ ਦਿੰਦਾ ਸਟੇਜ ਵੱਲ ਵਧਿਆ। ਉਸ ਨੂੰ ਇਹ ਕਹਿ ਕੇ ਰੋਕ ਲਿਆ ਗਿਆ ਕਿ ਏਧਰ ਤਾਂ ਭਾਈ ਯੂਥ ਫੈਸਟੀਵਲ ਹੋ ਰਿਹੈ। ਪਰ ਉਹ ਰੋਕਿਆ ਨਾ ਰੁਕਿਆ ਤੇ ਸਟੇਜ 'ਤੇ ਚੜ੍ਹ ਕੇ ਵੀ ਹੋਕਾ ਦੇਣੋਂ ਨਾ ਟਲਿਆ। ਜੱਜਾਂ ਨੇ ਉਸ ਨੂੰ ਵਧੀਆ ਨਕਲੀਏ ਦਾ ਇਨਾਮ ਦਿੱਤਾ। ਸਟੇਜੀ ਕਲਾ ਦੇ ਮਾਹਿਰ ਡਾ. ਸਤੀਸ਼ ਵਰਮਾ ਦਾ ਕਥਨ ਹੈ ਕਿ ਭਗਵੰਤ ਕਿਸੇ ਵੇਲੇ ਸਟੇਜ ਉਤੇ ਕਾਲੇ ਤੇਲ ਨਾਲ ਆਪਣਾ ਮੂੰਹ ਕਾਲਾ ਕਰ ਕੇ ਇਨਾਮ ਜਿੱਤ ਗਿਆ ਸੀ। ਅੱਜ ਕੱਲ੍ਹ ਉਹ ਆਪਣੀ ਹਾਸ ਵਿਅੰਗ ਦੀ ਕਲਾਕਾਰੀ ਨਾਲ ਦੇਸ਼ ਦੇ ਭ੍ਰਿਸ਼ਟ ਤੇ ਢੌਂਗੀ ਲੋਕਾਂ ਦਾ ਮੂੰਹ ਕਾਲਾ ਕਰ ਰਿਹੈ!

ਕਰਨੈਲ ਸਿੰਘ ਪਾਰਸ ਕਹਿੰਦਾ ਹੁੰਦਾ ਸੀ, "ਮੈਂ ਬੜੇ ਮਰਾਸੀ ਦੇਖੇ, ਨਕਲੀਏ ਦੇਖੇ, ਨਕਲਾਂ ਲਾਉਂਦੇ, ਹਸਾਉਂਦੇ ਪਰ ਭਗਵੰਤ ਨਾਲ ਦਾ ਨੀ ਦੇਖਿਆ। ਇਹ ਤਾਂ ਪਤੰਦਰ ਹਾਸੇ ਦਾ ਖੂਹ ਐ। ਕਈ ਕਲਾਕਾਰ ਪਟਰੋਲ ਪੰਪਾਂ ਵਰਗੇ ਹੁੰਦੇ ਆ। ਜਿੰਨਾ ਤੇਲ ਪਾਓ, ਓਨਾ ਈ ਨਿਕਲਦੈ। ਭਗਵੰਤ ਤਾਂ ਬੁਜਲੀਆਂ ਵਾਲਾ ਖੂਹ ਐ, ਜਿੰਨਾ ਪਾਣੀ ਕੱਢੋਗੇ ਓਨਾ ਹੀ ਹੇਠੋਂ ਆਈ ਜਾਊ।" ਦਰਜਨਾਂ ਆਡੀਓ ਵੀਡੀਓ ਕੈਸਟਾਂ, ਗਾਣਿਆਂ, ਡਰਾਮਿਆਂ ਤੇ ਫਿਲਮਾਂ 'ਚ ਹਾਸੇ ਦੇ ਹਜ਼ਾਰਾਂ ਟੋਟਕੇ ਸੁਣਾ ਕੇ ਵੀ ਉਹਦੇ ਹਾਸ ਵਿਅੰਗ ਦਾ ਖੂਹ ਭਰੇ ਦਾ ਭਰਿਆ ਪਿਆ। (ਮੁੱਖ ਮੰਤਰੀ ਬਣ ਕੇ ਵੀ)

ਭਗਵੰਤ ਮਾਨ ਦੇ ਹਾਸ ਬਿਲਾਸ ਵਿਚ ਨਿਰਾ ਜਾਭਾਂ ਦਾ ਹਾਸਾ ਹੀ ਨਹੀਂ ਪੂਰੇ ਢਿੱਡ ਦਾ ਹਾਸਾ ਹੈ। ਹਸਾਉਂਦਿਆਂ ਉਹ ਵੱਖੀਆਂ ਤੁੜਾ ਦਿੰਦਾ ਹੈ। ਇਕ ਵਾਰ ਉਹਦੇ ਸ਼ੋਅ 'ਚ ਦਮੇ ਦੇ ਇਕ ਮਰੀਜ਼ ਨੂੰ ਹਾਸੇ ਦਾ ਅਜਿਹਾ ਦੌਰਾ ਪਿਆ ਕਿ ਉਹ ਦਮੋਂ ਪੱਟਿਆ ਗਿਆ। ਤੁਰਤ ਐਂਬੂਲੈਂਸ 'ਚ ਹਸਪਤਾਲ ਲਿਜਾਣਾ ਪਿਆ। ਅਗਲੇ ਸ਼ੋਅ ਤੋਂ ਪਹਿਲਾਂ ਐਡ ਦੇਣੀ ਪਈ ਕਿ ਸਾਹ ਦੇ ਮਰੀਜ਼ ਭਗਵੰਤ ਮਾਨ ਦਾ ਸ਼ੋਅ ਨਾ ਵੇਖਣ। ਹੋਰ ਨਾ ਕਿਸੇ ਦੀ ਜਾਹ ਜਾਂਦੀ ਹੋਜੇ!

2014 'ਚ 'ਪੰਜਾਬੀ ਲਹਿਰਾਂ' ਦੇ ਸਤਿੰਦਰਪਾਲ ਨੇ ਭਗਵੰਤ ਮਾਨ ਦਾ ਕਮੇਡੀ ਸ਼ੋਅ ਕਰਾਉਣਾ ਸੀ। ਉਸ ਨੇ ਮੈਨੂੰ ਵੀ ਸੱਦ ਲਿਆ ਤੇ ਮੀਡੀਏ ਦੇ ਹੋਰ ਬੇਲੀ ਵੀ ਬੁਲਾ ਲਏ ਬਈ ਭਗਵੰਤ ਮਾਨ ਨੇ ਪ੍ਰੈੱਸ ਕਾਨਫਰੰਸ ਕਰਨੀ ਐਂ। ਉਥੇ ਹਾਸੇ ਦੇ ਬਾਦਸ਼ਾਹ ਭਗਵੰਤ ਮਾਨ ਨਾਲ ਮੇਰੀ ਮੁੜ ਮੁਲਾਕਾਤ ਹੋਈ ਜੋ ਦੌੜ ਦੇ ਬਾਦਸ਼ਾਹ ਮਿਲਖਾ ਸਿੰਘ ਦੀ ਮੁਲਾਕਾਤ ਨੂੰ ਵੀ ਮਾਤ ਪਾ ਗਈ। ਕਹਿਣ ਲੱਗਾ, ਲੋਕਾਂ ਨੂੰ ਹੱਸਣ ਦੀ ਭੁੱਖ ਐ ਤੇ ਮੈਨੂੰ ਹਸਾਉਣ ਦਾ ਜਨੂੰਨ ਐਂ। ਪਾੜੇ ਦੇ ਇਕ ਪਾਸੇ ਦਰਸ਼ਕ ਹੁੰਦੇ ਆ, ਦੂਜੇ ਪਾਸੇ ਮੈਂ। ਆਪਾਂ ਚੜ੍ਹ ਕੇ ਕੌਡੀ ਪਾਈਦੀ ਆ ਤੇ ਕਿਸੇ ਤੋਂ ਕੈਂਚੀ ਨੀ ਮਰਵਾਈਦੀ। ਫਿਰ ਆਖਣ ਲੱਗਾ, ਮੇਰਾ ਹਾਸੇ ਦਾ ਮੈਚ ਵੀ ਦੇਖਿਓ ਨਾਲੇ ਉਹਦੇ ਬਾਰੇ ਕੁਝ ਲਿਖਿਓ। ਉਸੇ ਵੇਲੇ ਸਤਿੰਦਰਪਾਲ ਨੇ ਮੈਨੂੰ 'ਨੋ ਲਾਈਫ਼ ਵਿਦ ਵਾਈਫ਼' ਦੇ ਕਮੇਡੀ ਸ਼ੋਅ ਦਾ ਪਾਸ ਫੜਾ ਦਿੱਤਾ। ਮੈਂ ਸੋਚਿਆ ਕਿ ਇਸ ਸ਼ੋਅ ਦਾ ਸਬਕ ਹੋਵੇਗਾ 'ਨੋ ਲਾਈਫ਼ ਵਿਦਾਊਟ ਵਾਈਫ਼'! (ਹੁਣ ਤਾਂ ਪਰਤੱਖ ਹੀ ਹੋ ਗਿਆ)

ਸ਼ੋਅ ਦੀਆਂ ਟਿਕਟਾਂ 25, 35, 50 ਡਾਲਰ ਦੀਆਂ ਸਨ ਤੇ ਹਾਲ ਸੀ 3500 ਸੀਟਾਂ ਵਾਲਾ ਪੈਲਸ। ਮੈਂ ਸੋਚ ਰਿਹਾ ਸਾਂ ਏਨੀਆਂ ਮਹਿੰਗੀਆਂ ਟਿਕਟਾਂ ਲੈ ਕੇ ਏਡਾ ਹਾਲ ਕੌਣ ਭਰੇਗਾ? ਪਰ ਪੰਜਾਬ ਦੇ ਪਰਵਾਸੀ ਦਰਸ਼ਕ ਹਾਸੇ ਦਾ ਤਮਾਸ਼ਾ ਵੇਖਣ ਦੇ ਐਸੇ ਦੀਵਾਨੇ ਨਿਕਲੇ ਕਿ ਕਬੱਡੀ ਮੈਚਾਂ ਨੂੰ ਵੀ ਮਾਤ ਪਾ ਗਏ। ਕੰਮਾਂ ਕਾਰਾਂ ਤੇ ਪਰਿਵਾਰਕ ਤਣਾਵਾਂ ਦੇ ਮਾਰੇ ਉਹ ਹੱਸਣ ਨੂੰ ਤਰਸੇ ਪਏ ਸਨ। ਹੱਸਦੇ ਹੋਏ ਕਹੀ ਜਾਣ ਪਈ ਪੈਸੇ ਖਰਚਣ ਦਾ ਸੁਆਦ ਆ ਗਿਆ। ਸ਼ੋਅ ਸੋਲਡ ਆਊਟ ਹੋ ਗਿਆ ਜਿਸ ਕਰਕੇ ਸੈਂਕੜੇ ਦਰਸ਼ਕਾਂ ਨੂੰ ਟਿਕਟ ਨਾ ਮਿਲਣ ਕਾਰਨ ਬਰਫ਼ੀਲੇ ਮੌਸਮ 'ਚ ਭਿੱਜੇ ਅਮਲੀਆਂ ਵਾਂਗ ਮੁੜਨਾ ਪਿਆ!

ਸ਼ੋਅ ਸ਼ੁਰੂ ਹੋਇਆ ਤਾਂ ਸਟੇਜ 'ਤੇ ਭਾਰੀ ਵਾਈਫ਼ ਤੇ ਹੌਲੇ ਹਸਬੈਂਡ ਦੇ ਦਰਸ਼ਨ ਹੋਏ। ਹਸਬੈਂਡ ਹੋਊ ਪੰਜਾਹ ਕਿਲੋ ਦਾ ਤੇ ਵਾਈਫ ਹੋਊ ਕੁਇੰਟਲ ਦੀ। ਜੋੜੀ ਜਿਵੇਂ ਬੋਰੀ ਤੇ ਗੱਟਾ ਹੋਵੇ। ਦਰਸ਼ਕਾਂ ਨੂੰ ਹਾਸਾ ਨਾ ਆਵੇ ਤਾਂ ਹੋਰ ਕੀ ਆਵੇ? ਲਾਵਾਂ ਵੇਲੇ ਕਿਸੇ ਨੇ ਇਹ ਸਿਹਰਾ ਜ਼ਰੂਰ ਪੜ੍ਹਿਆ ਹੋਊ, ਗ੍ਰਿਹਸਥ ਦੀ ਗੱਡੀ ਦੇ ਪਹੀਏ ਚਾਰ, ਜੋੜੀ ਜੀਵੇ ਜੁਗ ਚਾਰ...। ਪਰ ਕਿਸੇ ਨੇ ਇਹ ਮੱਤ ਨੀ ਦਿੱਤੀ ਹੋਣੀ, "ਓਏ ਭਲਿਓ ਮਾਣਸੋ! ਗੱਡੀ ਤਾਂ ਜੋੜੀ ਜਾਨੇ ਓਂ, ਪਹਿਲਾਂ ਗੱਡੀ ਦੇ ਟੈਰ ਤਾਂ ਦੇਖ-ਲੋ, ਇਹ ਗੱਡੀ ਨੂੰ ਰਿੜ੍ਹਦੀ ਰੱਖਣ ਆਲੇ ਆ? ਇਕ ਪਾਸੇ ਕੰਬਾਈਨ ਦਾ ਪਹੀਆ ਤੇ ਦੂਜੇ ਪਾਸੇ ਟੈਂਪੂ ਦਾ। ਭਲਾ ਇਹ ਗੱਡੀ ਰਿੜੂ ਕਿਵੇਂ?"

ਪਰਵਾਸੀ ਠੱਗ ਲਾੜਿਆਂ ਤੇ ਲਾੜੀਆਂ ਦੀਆਂ ਜੋੜੀਆਂ ਦਾ ਜਿਹੜਾ ਰੌਲਾ-ਰੱਪਾ ਪੈਂਦੈ, ਉਹਨਾਂ 'ਚੋਂ ਅੱਧੀਆਂ ਦਾ ਮਸਲਾ ਅਜਿਹੇ ਵਿਆਹਾਂ ਦਾ ਈ ਐ। ਕੁੜੀ ਬੀਏ ਐੱਮਏ ਹੁੰਦੀ ਐ ਤੇ ਮੁੰਡਾ ਪੰਜਵੀਂ ਸੱਤਵੀਂ ਫੇਲ੍ਹ। ਮੁੰਡਾ ਡਾਕਟਰ ਹੁੰਦੈ ਤੇ ਕੁੜੀ ਦੇਸੀ ਬਾਂਦਰੀ ਵਾਂਗ ਵਲੈਤੀ ਚੀਕਾਂ ਮਾਰੀ ਜਾਂਦੀ ਐ। ਪਿਉ ਧੀ ਜਿੰਨੇ ਉਮਰ ਦੇ ਫਰਕ ਨੂੰ ਵੀ ਹਾਣ ਪਰਵਾਨ ਕਹੀ ਜਾਂਦੇ ਆ! ਫੇਰ ਭਗਵੰਤ ਮਾਨ 'ਨੋ ਲਾਈਫ਼ ਵਿਦ ਵਾਈਫ਼' ਵਰਗੇ ਡਰਾਮੇ ਕਿਉਂ ਨਾ ਖੇਡੇ?

ਮੈਂ ਸੋਚਿਆ ਸੀ 'ਨੋ ਲਾਈਫ ਵਿਦ ਵਾਈਫ' ਡਰਾਮੇ ਦਾ ਅੰਤ ਹੋਵ-ੇਗਾ 'ਨੋ ਲਾਈਫ ਵਿਦਾਊਟ ਵਾਈਫ'। ਪਰ ਭਗਵੰਤ ਮਾਨ ਦਾ ਇਹ ਉਦੇਸ਼ ਨਹੀਂ ਸੀ। ਉਹਦਾ ਇਕੋ ਉਦੇਸ਼ ਸੀ ਰੱਜ ਕੇ ਹਸਾਉਣਾ। ਬਹੁਤੇ ਦਰਸ਼ਕ ਵੀ ਹੱਸਣ ਈ ਗਏ ਸਨ। ਇਉਂ ਸ਼ੋਅ ਹੱਸਣ ਹਸਾਉਣ ਦੇ ਪੱਖੋਂ ਪੂਰਾ ਕਾਮਯਾਬ ਰਿਹਾ। ਦਰਸ਼ਕਾਂ ਦੀਆਂ ਸ਼ਿਸਤਾਂ ਪਲ ਭਰ ਲਈ ਵੀ ਸਟੇਜ ਤੋਂ ਲਾਂਭੇ ਨਾ ਹੋਈਆਂ। ਹੂੜ੍ਹਮੱਤੇ, ਜਿਨ੍ਹਾਂ ਦਾ ਹਾਤ ਹੂਤ ਕਰਨਾ ਸ਼ੁਗਲ ਈ ਹੁੰਦੈ, ਹੱਸਦਿਆਂ ਉਨ੍ਹਾਂ ਨੂੰ ਵੀ ਆਪਣਾ ਸ਼ੁਗਲ ਭੁੱਲਿਆ ਰਿਹਾ!

ਸ਼ੋਅ ਦੀ ਸਮਾਪਤੀ 'ਤੇ ਭਗਵੰਤ ਮਾਨ ਨੇ ਕਿਹਾ ਕਿ ਐਤਕੀਂ ਤਾਂ ਉਹ ਹਾਸੇ ਦੀ ਫਸਲ ਬੀਜਣ ਈ ਆਇਐ। ਬੋਹਲ ਚੁੱਕਣ ਬਾਅਦ 'ਚ ਆਵੇਗਾ। ਪਰਵਾਸੀਆਂ ਨੇ ਸੱਚਮੁੱਚ ਉਹਦੀ ਚੋਣ 'ਚ ਬੋਹਲ ਚੁਕਾਏ। ਉਹ ਲੋਕ ਮਨਾਂ ਨੂੰ ਇਸ ਲਈ ਭਾਅ ਗਿਆ ਕਿ ਉਸ ਨੇ ਪੁਲਸੀਆਂ, ਪਟਵਾਰੀਆਂ, ਮੰਤਰੀਆਂ, ਸੰਤਰੀਆਂ, ਮਾਸਟਰਾਂ, ਆੜ੍ਹਤੀਆਂ, ਡਾਕਟਰਾਂ, ਵਕੀਲਾਂ, ਹੋਮ ਗਾਰਡੀਆਂ, ਅਮਲੀਆਂ, ਸਿਆਸੀ ਨੇਤਾਵਾਂ ਤੇ ਉਤੋਂ ਉਤੋਂ ਇਨਕਲਾਬ ਜ਼ਿੰਦਾਬਾਦ ਕੂਕਦੇ ਕਾਮਰੇਡਾਂ ਦੀਆਂ ਢਕੀਆਂ ਬੁਰਾਈਆਂ ਨੂੰ ਨੰਗਾ ਕੀਤਾ। ਉਹਦੀ ਕਮੇਡੀ ਕਲਾ ਦਾ ਨਿਚੋੜ ਸਮਾਜੀ ਵਰਤਾਰੇ ਉਤੇ ਤਿੱਖਾ ਕਟਾਖਸ਼ ਸੀ। ਉਹ ਬੁਰਾਈਆਂ ਨੂੰ ਮਜਾਹੀਆ ਢੰਗ ਨਾਲ ਭੰਡਦਾ ਸੀ ਅਤੇ ਅਸਲੀ ਇਨਕਲਾਬ ਲਿਆਉਣਾ ਚਾਹੁੰਦਾ ਸੀ। ਉਦੋਂ ਇਕ ਕਾਮਰੇਡ ਨੇਤਾ ਨੂੰ ਵੀ ਕਹਿਣਾ ਪਿਆ ਸੀ, "ਬਈ ਮੁੰਡਿਆ ਤੂੰ ਤਾਂ ਸਿਰਾ ਈ ਲਾਈ ਜਾਨੈਂ। ਸਾਥੋਂ ਤਾਂ ਇਨ-ਕਲਾਬ ਆਇਆ ਨੀ, ਸਾਨੂੰ ਲੱਗਦੈ ਤੂੰ ਈ ਲਿਆਏਂਗਾ ਕਿਸੇ ਦਿਨ।"

ਉਹਦਾ ਪੰਜ ਸਾਲਾ 'ਸ਼ੋਅ' ਦਿਖਾਏਗਾ ਉਹ ਧਰਤੀ 'ਚ ਕਿੰਨਾ ਕੁ ਹੈ? ਵੇਖਦੇ ਹਾਂ ਉਹ ਪੰਜਾਬੀ ਮਾਂ ਦੇ ਹੰਝੂਆਂ 'ਚ ਹਾਸਾ ਛਲਕਾਅ ਸਕਦੈ ਜਾਂ ਨਹੀਂ?

principalsarwansingh@gmail.com

# ਮੁੱਖ ਮੰਤਰੀ ਸ਼ਿਵਰਾਜ ਨੇ ਪਿਸ਼ਾਬ ਕਾਂਡ ਦੇ ਪੀੜਤ ਆਦਿਵਾਸੀ ਦੇ ਪੈਰ ਧੋਤੇ, ਘਰ ਲਿਜਾਅ ਕੇ ਆਰਤੀ ਕੀਤੀ, ਕਿਹਾ: ਮਾਫੀ ਮੰਗਦਾ ਹਾਂ

ਭੋਪਾਲ, 6 ਜੁਲਾਈ (ਪੋਸਟ ਬਿਊਰੋ): ਸਿਧੀ ਪਿਸ਼ਾਬ ਕਾਂਡ ਦਾ ਸ਼ਿਕਾਰ ਹੋਏ ਆਦਿਵਾਸੀ ਨੌਜਵਾਨ ਅਤੇ ਉਸ ਦਾ ਪਰਿਵਾਰ ਵੀਰਵਾਰ ਨੂੰ ਮੁੱਖ ਮੰਤਰੀ ਸ਼ਿਵਰਾਜ ਨੂੰ ਮਿਲਣ ਲਈ ਸੀਐੱਮ ਹਾਊਸ ਪਹੁੰਚੇ। ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਪੀੜਤ ਆਦਿਵਾਸੀ ਦਾ ਹੱਥ ਫੜ੍ਹ ਕੇ ਅੰਦਰ ਲੈ ਗਏ। ਕੁਰਸੀ 'ਤੇ ਬੈਠਾਕੇ ਪੈਰ ਧੋਤੇ, ਆਰਤੀ ਕੀਤੀ ਅਤੇ ਤਿਲਕ ਲਗਾਇਆ।



ਸ਼ਿਵਰਾਜ ਨੇ ਉਨ੍ਹਾਂ ਨੂੰ ਸ਼ਾਲ ਪਾ ਕੇ ਸਨਮਾਨਿਤ ਕੀਤਾ। ਉਨ੍ਹਾਂ ਕਿਹਾ ਕਿ ਇਸ ਘਟਨਾ ਤੋਂ ਦੁਖੀ ਹਾਂ। ਮੈਂ ਤੁਹਾਡੇ ਤੋਂ ਮੁਆਫੀ ਮੰਗਦਾ ਹਾਂ। ਤੁਹਾਡੇ ਵਰਗੇ ਲੋਕ ਮੇਰੇ ਲਈ ਰੱਬ ਵਰਗੇ ਹਨ।

ਇਸ ਘਟਨਾ ਦੇ ਸਾਹਮਣੇ ਆਉਣ ਤੋਂ ਬਾਅਦ ਸ਼ਿਵਰਾਜ ਨੇ ਕਿਹਾ ਸੀ ਕਿ ਦੋਸ਼ੀਆਂ ਨੂੰ ਇਸ ਤਰ੍ਹਾਂ ਸਜ਼ਾ ਮਿਲਣੀ ਚਾਹੀਦੀ ਹੈ ਕਿ ਇਹ ਮਿਸਾਲ ਬਣ ਜਾਵੇ। ਕਾਰਵਾਈ ਤੋਂ ਬਾਅਦ ਟਵੀਟ ਕੀਤਾ ਸੀ ਕਿ ਐੱਨ.ਐੱਸ.ਏ. ਲਗਾਇਆ ਗਿਆ ਹੈ, ਬੁਲਡੋਜ਼ਰ ਵੀ ਵਰਤਿਆ ਗਿਆ। ਲੋੜ ਪਈ ਤਾਂ ਅਪਰਾਧੀਆਂ ਨੂੰ ਜ਼ਮੀਨ ਵਿੱਚ ਦੱਬ


URGENTLY NEED NEW LISTINGS IN BRAMPTON/CALEDON



visit: www.teamjagaujla.com

ADVERTISEMENT GUARANTEED TILL SOLD

JAG AUJLA
MCNE, REAL ESTATE BROKER
416-371-7777
e-mail: j.aujla@rogers.com or visit: www.jagaujla.com

CALL JAG AUJLA FOR A QUICK & FREE HOME EVALUATION

www.BramptonTopRealtor.com

RECENTLY LISTED/SOLD IN YOUR NEIGHBOURHOOD

**SHELBURNE** (Simon St /Hwy 89)



ਬਿਲਕੁਲ ਸ਼ਾਨਦਾਰ ਤੇ ਸਾਫ ਸੁਧਰਾ ਸੈਮੀ ਡਿਟੈਚ ਬੰਗਲੌ, ਸ਼ਾਤ ਕੰਮੂਨਿਟੀ ਵਿੱਚ, ਬਹੁਤ ਸਾਰੀਆਂ ਅਪਗ੍ਰੇਡਜ਼ ਤੇ 2023 ਵਿੱਚ ਹੋਈ ਰੈਨੋਵਸ਼ਨ। 3+2 ਬੈਡਰੂਮ ਤੇ 3 ਵਾਸ਼ਰੂਮ ਘਰ ਨੂੰ ਫਿਨੀਸ਼ਡ ਬੈਸਮੈਂਟ, ਪੋਟ ਲਾਇਟਸ ਆਦਿ।

**CAMBRIDGE** (Speedsville/Equestrian Way)



ਐਂਡ ਯੂਨਿਟ ਕਾਨ੍ਰਰ ਲਾਟ ਨੂੰ ਖੁਲ੍ਹਾ ਡੁਲ੍ਹਾ ਕਰਬ ਤੇ ਖੂਬਸੂਰਤ ਵਿਊ। 2020 ਵਿੱਚ ਬਣਿਆ, 1896 ਸਕੇਅਰ ਫੁਟ ਦਾ ਫ੍ਰੀ ਹੋਲਡ ਟਾਊਨਹੋਮ ਜਿਸ ਨੂੰ 4 ਬੈਡਰੂਮ ਤੇ 3 ਵਾਸ਼ਰੂਮ। ਲੈਮੀ-ਨੇਟਡ ਫਲੋਰ। ਹਾਈਵੇ 401, ਪਾਰਕ ਤੇ ਸਕੂਲ ਦੇ ਨੇੜੇ।

**BRAMPTON** (Mclaughlin / Steeles / Mavis)



ਸੋਹਣੇ ਤੇ ਸ਼ਾਨਦਾਰ ਡਿਟੈਚ ਘਰ ਨੂੰ ਬਹੁਤ ਸਾਰੀਆਂ ਅਪਗ੍ਰੇਡਜ਼। 2200 ਸਕੇਅਰ ਫੁਟ ਵਿੱਚ 4+1 ਬੈਡਰੂਮ ਤੇ 4 ਵਾਸ਼ਰੂਮ ਨੂੰ ਫਿਨੀਸ਼ਡ ਬੈਸਮੈਂਟ। ਸ਼ੈਰੀਡਨ ਕਾਲਜ ਦੇ ਨੇੜੇ ਤੇ ਹੋਰ ਵੀ ਬਹੁਤ ਕੁਝ। ਸੰਪਰਕ ਕਰੋ।

**BRAMPTON** (Wanless/Mclaughlin)



ਸ਼ਾਨਦਾਰ ਤੇ ਸਾਫ ਸੁਧਰਾ, 2016 ਵਿੱਚ ਬਣਿਆ 4364 ਸਕੇਅਰ ਫੁਟ ਦਾ ਡਿਟੈਚ ਘਰ 4 ਬੈਡਰੂਮ ਤੇ 5 ਵਾਸ਼ਰੂਮ ਤੇ ਨਾਲ ਹੀ ਫਿਨੀਸ਼ਡ ਬੈਸਮੈਂਟ ਜਿਸ ਨੂੰ ਸੇਪਰੈਟ ਏਂਨਟਰੈਂਸ। ਬਹੁਤ ਸਾਰੀਆਂ ਅਪਗ੍ਰੇਡਜ਼ ਤੇ ਹੋਰ ਵੀ ਬਹੁਤ ਕੁਝ।

FREE
- Full MLS services
- Consistent marketing until your property is sold
- Competitive rates, exceptional service & award winning results
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold

RE/MAX REALTY SPECIALISTS INC.
Ph:905-456-3232 **Based on units sold & commissions **Some conditions apply
*Seller & Jag Aujla Broker of RE/MAX Realty Specialist Inc. must agree on the terms & conditions, closing date and listing price at the time of listing. Guaranteed program only for peel region homes under $1 million price.

Call: JAG AUJLA Dir: 416-371-7777
MCNE, Real Estate Broker
NOT INTENDED TO SOLICIT BUYERS OR SELLERS CURRENTLY UNDER CONTRACT



Grand Upholstery Ltd
Sofa Company Originality in Every Piece



- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

Special on Sale

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com



REXDALE BODY SHOP USED CAR SALE



CHEEMA
LOWEST PRICE IN TOWN
Towing Service Car Paint Starts $799* upto 100% Deductible Paid*

Specialization In:
- All Kinds of Body Work
- Auto Glass Windshield
- Denting, Painting & Welding

SPECIAL PAINT JOB $779

RENTAL CAR PROVIDED



25 years of Canadian Experience
OPEN MON - SAT 9AM TO 7PM

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

Call Rick or Manminder Cheema: 416.749.9596 / 416.951.6431

30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com







FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017